ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2532 | 22 July, 2026 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਰਾਹੁਲ ਗਾਂਧੀ-ਅਖਿਲੇਸ਼ ਯਾਦਵ ਸਣੇ ਕਈ ਆਗੂਆਂ ਨੂੰ ਪੁਲਿਸ ਨੇ ਲਿਆ ਹਿਰਾਸਤ 'ਚ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਦਿੱਲੀ ਪੁਲਿਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰਿਹਾਇਸ਼ ਦੇ ਬਾਹਰ ਹੋ ਰਹੇ ਰੋਸ ਪ੍ਰਦਰਸ਼ਨ ਵਾਲੀ ਥਾਂ ਤੋਂ ਕਾਂਗਰਸ ਨੇਤਾਵਾਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਾਡਰਾ ਦੇ ਨਾਲ-ਨਾਲ ਸਪਾ ਪ੍ਰਮੁੱਖ ਅਖਿਲੇਸ਼ ਯਾਦਵ ਨੂੰ ਹਟਾ ਕੇ ਹਿਰਾਸਤ ਵਿੱਚ ਲੈ ਲਿਆ ਹੈ। ਰਾਹੁਲ ਗਾਂਧੀ ਨੇ ਕਰਨਾਟਕ ਅਤੇ ਕੇਰਲ ਦੇ ਮੁੱਖ ਮੰਤਰੀਆਂ ਸਮੇਤ ਹੋਰ ਕਾਂਗਰਸੀ ਆਗੂਆਂ ਨਾਲ ਮਿਲ ਕੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਪੁਲਿਸ ਦੀ ਕਾਰਵਾਈ ਦੇ ਵਿਰੋਧ ਵਿੱਚ ਦੁਪਹਿਰ ਲਗਭਗ 3.30 ਵਜੇ ਧਰਨਾ ਪ੍ਰਦਰਸ਼ਨ ਸ਼ੁਰੂ ਕੀਤਾ।ਮਿਲੀ ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀ ਆਗੂਆਂ ਨੂੰ ਪੁਲਿਸ ਬੱਸ ਵਿੱਚ ਲੈ ਗਈ ਹੈ। ਕਾਂਗਰਸ ਸੰਸਦ ਮੈਂਬਰਾਂ ਨੂੰ ਵੀ ਧਰਨਾ ਵਾਲੀ ਥਾਂ ਤੋਂ ਹਟਾ ਦਿੱਤਾ ਗਿਆ। ਇਸ ਦੇ ਨਾਲ ਹੀ ਕਰਨਾਟਕ ਦੇ ਉਪ ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ ਨੂੰ ਵੀ ਬੱਸ ਵਿੱਚ ਬਿਠਾਇਆ ਗਿਆ ਹੈ। ਰਾਹੁਲ ਗਾਂਧੀ ਨੂੰ ਮਾਡਲ ਟਾਊਨ ਦੇ ਛਤਰਸਾਲ ਸਟੇਡੀਅਮ ਥਾਣੇ ਲਿਜਾਇਆ ਗਿਆ ਹੈ। ਇਹ ਧਰਨਾ ਪ੍ਰਧਾਨ ਮੰਤਰੀ ਆਵਾਸ ਦੇ ਪਿਛਲੇ ਗੇਟ ਦੇ ਨੇੜੇ



ਦਿੱਤਾ ਜਾ ਰਿਹਾ ਸੀ। ਕਾਂਗਰਸ ਨੇਤਾ ਪਵਨ ਖੇੜਾ ਨੂੰ ਵੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ।

# ਸੀਜੇਪੀ ਧਰਨਾ ਪ੍ਰਦਰਸ਼ਨ: ਮੇਦਾਂਤਾ ਹਸਪਤਾਲ 'ਚ ਸੋਨਮ ਵਾਂਗਚੁਕ ਨੂੰ ਮਿਲਣ ਪਹੁੰਚੇ ਦੋ ਕੇਂਦਰੀ ਮੰਤਰੀ

**ਨਵੀਂ ਦਿੱਲੀ ਸਾਂਝੀ ਸੋਚ ਬਿਊਰੋ**

ਨੀਟ ਪੇਪਰ ਲੀਕ ਮਾਮਲੇ 'ਚ ਜੰਤਰ-ਮੰਤਰ 'ਤੇ ਸੀਜੇਪੀ ਦਾ ਵਿਰੋਧ ਜਾਰੀ ਹੈ। ਸੜਕਾਂ ਤੋਂ ਲੈ ਕੇ ਸੰਸਦ ਤੱਕ ਹੰਗਾਮਾ ਹੋ ਰਿਹਾ ਹੈ, ਜਿੱਥੇ ਇੱਕ ਪਾਸੇ ਕਾਕਰੋਚ ਜਨਤਾ ਪਾਰਟੀ ਦੇ ਮੈਂਬਰ ਜੰਤਰ-ਮੰਤਰ 'ਤੇ ਧਰਨਾ ਦੇ ਰਹੇ ਹਨ, ਉੱਥੇ ਹੀ ਮੰਗਲਵਾਰ ਨੂੰ, ਕਾਂਗਰਸ ਨੇਤਾ ਰਾਹੁਲ ਗਾਂਧੀ ਸਮੇਤ ਵਿਰੋਧੀ ਆਗੂਆਂ ਨੇ ਸੰਸਦ ਦੇ ਸਾਹਮਣੇ ਪ੍ਰਦਰਸ਼ਨ ਕੀਤਾ, ਜਿਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਜ਼ਬਰਦਸਤੀ ਹਿਰਾਸਤ 'ਚ ਲੈ ਲਿਆ।

ਇਸ ਦੌਰਾਨ, ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੂੰ ਵੀ ਦੂਜੇ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਦੌਰਾਨ, ਸਰਕਾਰ ਨੇ ਗੱਲਬਾਤ ਸ਼ੁਰੂ ਕਰਨ ਲਈ ਪਹਿਲ ਕਰ ਦਿੱਤੀ ਹੈ। ਸੂਤਰਾਂ ਦੇ ਅਨੁਸਾਰ ਕੇਂਦਰੀ ਮੰਤਰੀ ਜੇਪੀ ਨੱਡਾ ਅਤੇ ਜਤਿੰਦਰ ਸਿੰਘ ਨੇ ਮੰਗਲਵਾਰ ਰਾਤ ਨੂੰ ਮੇਦਾਂਤਾ ਹਸਪਤਾਲ ਵਿੱਚ ਕਾਰਕੁਨ ਸੋਨਮ ਵਾਂਗਚੁਕ ਨਾਲ ਮੁਲਾਕਾਤ ਕੀਤੀ।ਇੱਕ ਸੂਤਰ ਨੇ ਪੀਟੀਆਈ ਨੂੰ ਦੱਸਿਆ, "ਕੇਂਦਰੀ ਮੰਤਰੀ ਜੇਪੀ ਨੱਡਾ ਅਤੇ ਜਿਤੇਂਦਰ ਸਿੰਘ ਨੇ ਹਸਪਤਾਲ ਵਿੱਚ ਸੋਨਮ ਵਾਂਗਚੁਕ ਨਾਲ ਮੁਲਾਕਾਤ ਕੀਤੀ।" ਮੀਡੀਆ ਰਿਪੋਰਟਾਂ ਅਨੁਸਾਰ, ਇਹ ਮੁਲਾਕਾਤ ਰਾਤ 11:30 ਵਜੇ ਦੇ ਕਰੀਬ ਹੋਈ, ਜਿਸ ਦੌਰਾਨ ਦੋਵਾਂ ਮੰਤਰੀਆਂ ਨੇ ਵਾਂਗਚੁਕ ਨੂੰ ਆਪਣਾ ਵਰਤ ਖਤਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਵਿਰੋਧ ਪ੍ਰਦਰਸ਼ਨ ਅਤੇ ਭੁੱਖ ਹੜਤਾਲ ਸ਼ਾਂਤੀਪੂਰਵਕ ਖਤਮ ਕਰਨ ਦੀ ਅਪੀਲ



ਕੀਤੀ। ਮੰਤਰੀਆਂ ਅਤੇ ਵਾਂਗਚੁਕ ਵਿਚਕਾਰ ਇਸ ਮੁਲਾਕਾਤ ਨੂੰ ਗੱਲਬਾਤ ਸ਼ੁਰੂ ਕਰਨ ਲਈ ਇੱਕ ਸਰਕਾਰੀ ਪਹਿਲ ਵਜੋਂ ਦੇਖਿਆ ਜਾ ਰਿਹਾ ਹੈ।ਵਾਂਗਚੁਕ ਨੂੰ ਸਖ਼ਤ ਸੁਰੱਖਿਆ ਹੇਠ ਸ਼ਾਮ 7:30 ਵਜੇ ਦੇ ਕਰੀਬ ਐਂਬੂਲੈਂਸ ਰਾਹੀਂ ਵਰਧਮਾਨ ਮਹਾਵੀਰ ਮੈਡੀਕਲ ਕਾਲਜ ਅਤੇ ਸਫਦਰਜੰਗ ਹਸਪਤਾਲ ਤੋਂ ਮੇਦਾਂਤਾ ਹਸਪਤਾਲ ਲਿਆਂਦਾ ਗਿਆ। ਉਨ੍ਹਾਂ ਨੂੰ ਇੰਟਰਨਲ ਮੈਡੀਸਨ ਮਾਹਿਰ ਡਾ. ਸੁਸ਼ੀਲਾ ਕਟਾਰੀਆ ਦੀ ਦੇਖ-ਰੇਖ ਹੇਠ ਆਈਸੀਯੂ 8 ਵਿੱਚ ਦਾਖਲ ਕਰਵਾਇਆ ਗਿਆ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਰਾਸ਼ਟਰਮੰਡਲ ਖੇਡਾਂ ਦਾ ਸਫ਼ਰ 1930 ਹੈਮਿਲਟਨ ਤੋਂ 2026 ਗਲਾਸਗੋ ਤੱਕ

ਹੈਮਿਲਟਨ (ਕੈਨੇਡਾ) ਤੋਂ ਚੱਲ ਕੇ ਆਪਣਾ 96 ਸਾਲਾਂ ਦਾ ਲੰਬਾ ਸਫਰ ਤਹਿ ਕਰਕੇ ਰਾਸ਼ਟਰਮੰਡਲ ਖੇਡਾਂ ਦਾ ਕਾਰਵਾਂ ਇਸ ਵਾਰ ਗਲਾਸਗੋ (ਸਕਾਟਲੈਂਡ) ਪਹੁੰਚ ਰਿਹਾ ਹੈ। ਦੋਸਤਾਨਾਂ ਖੇਡਾਂ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਰਾਸ਼ਟਰਮੰਡਲ ਖੇਡਾਂ ਦਾ 24ਵਾਂ ਅਡੀਸ਼ਨ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ 23 ਜੁਲਾਈ ਤੋਂ 2 ਅਗਸਤ 2026 ਤੱਕ ਕਰਵਾਇਆ ਜਾ ਰਿਹਾ ਹੈ। ਇਹਨਾਂ ਖੇਡਾਂ ਵਿੱਚ ਹੁਣ ਤੱਕ ਆਸਟਰੇਲੀਆ ਨੇ 14 ਵਾਰ ਚੈਂਪੀਅਨ ਬਣ ਕੇ ਆਪਣੀ ਖੇਡ ਦਾ ਲੋਹਾ ਮੰਨਵਾਇਆ ਹੈ। ਰਾਸ਼ਟਰਮੰਡਲ ਖੇਡਾਂ ਵਿੱਚ ਉਹ ਦੇਸ਼ ਹਿੱਸਾ ਲੈਂਦੇ ਹਨ ਜਿਹੜੇ ਕਿਸੇ ਵੇਲੇ ਬ੍ਰਿਟਿਸ਼ ਹਕੂਮਤ ਦੇ ਅਧੀਨ ਰਹੇ ਸਨ। ਬਰਤਾਨਵੀ ਸਾਮਰਾਜ ਦੇ ਮੈਂਬਰ ਦੇਸ਼ਾਂ ਵਿੱਚਕਾਰ ਖੇਡ ਮੁਕਾਬਲੇ ਕਰਵਾਉਣ ਲਈ 1891 ਵਿੱਚ ਆਰ. ਐਸ਼ਲੇ ਕੂਪਰ ਨੇ 'ਦਾ ਟਾਈਮਜ਼' ਅਖਬਾਰ ਵਿੱਚ ਇੱਕ ਲੇਖ ਲਿਖਿਆ ਜਿਸ ਵਿੱਚ ਹਰ ਚਾਰ ਸਾਲ ਬਾਅਦ ਪੈਨ-ਬ੍ਰਿਟਾਨਿਕ-ਪੈਨ ਐਂਗਲੀਕਨ ਕਾਂਨਟੈਸਟ ਐਂਡ ਫੈਸਟੀਵਲ ਕਰਵਾਉਣ ਦੀ ਵਕਾਲਤ ਕੀਤੀ ਗਈ ਸੀ। ਇਹਨਾਂ ਖੇਡਾਂ ਦਾ ਮੰਤਵ ਉਸ ਨੇ ਇਹ ਦੱਸਿਆ ਸੀ ਕਿ ਇਸ ਨਾਲ ਬਰਤਾਨਵੀਂ ਸਾਮਰਾਜੀ ਦੇਸ਼ਾਂ ਵਿੱਚ ਆਪਸੀ ਸਮਝ ਵਧਣ ਦੇ ਨਾਲ-ਨਾਲ ਏਕਤਾ ਦੀ ਭਾਵਨਾ ਦਾ ਵੀ ਵਿਕਾਸ ਹੋਵੇਗਾ। ਉਸ ਦੇ ਸੁਝਾਅ ਨੂੰ ਧਿਆਨ ਵਿੱਚ ਰੱਖਦਿਆਂ 1911 ਵਿੱਚ ਸਮਰਾਟ ਜਾਰਜ ਪੰਜਵੇਂ ਦੀ ਤਾਜਪੋਸ਼ੀ ਸਮੇਂ ਬਰਤਾਨਵੀ ਸਾਮਰਾਜ ਦਾ ਪਹਿਲਾ ਫੈਸਟੀਵਲ ਕ੍ਰਿਸਟਲ ਪੈਲੇਸ ਲੰਡਨ ਵਿਖੇ ਆਯੋਜਤ ਕੀਤਾ ਗਿਆ। ਇਸ ਮੌਕੇ ਕਰਵਾਈ ਗਈ ਅੰਤਰ ਸਾਮਰਜ ਚੈਂਪੀਅਨਸ਼ਿਪ ਵਿੱਚ ਆਸਟਰੇਲੀਆ, ਕੈਨੇਡਾ, ਦੱਖਣੀ ਅਫਰੀਕਾ ਅਤੇ ਬਰਤਾਨੀਆਂ ਦੀਆਂ ਟੀਮਾਂ ਨੇ ਬਾਕਸਿੰਗ, ਕੁਸ਼ਤੀ, ਤੈਰਾਕੀ ਅਤੇ ਅਥਲੈਟਿਕਸ ਦੇ ਮੁਕਾਬਲਿਆਂ ਵਿੱਚ ਭਾਗ ਲਿਆ।

ਕੈਨੇਡੀਅਨ ਅਥਲੀਟ ਬੌਬੀ ਰਾਬਿਨਸਨ ਦੇ ਯਤਨਾਂ ਸਦਕਾ 1930 ਵਿੱਚ ਅਜੋਕੀਆਂ ਰਾਸ਼ਟਰਮੰਡਲ ਖੇਡਾਂ ਦਾ ਮੁੱਢ ਬੱਝਾ। ਜਿਵੇਂ ਜਿਵੇਂ ਬ੍ਰਿਟਿਸ਼ ਸਾਮਰਾਜ ਅਧੀਨ ਦੇਸ਼ ਆਜ਼ਾਦ ਹੁੰਦੇ ਗਏ, ਤਾਂ ਇਹਨਾਂ ਖੇਡਾਂ ਦੇ ਨਾਮ ਵੀ ਬਦਲਦੇ ਰਹੇ। ਇਹ ਖੇਡਾਂ 1930 ਤੋਂ ਲੈ ਕੇ 1950 ਤੱਕ ਬਰਤਾਨਵੀਂ ਸਾਮਰਾਜ ਖੇਡਾਂ, 1954 ਤੋਂ ਲੈ ਕੇ 1966 ਤੱਕ ਬਰਤਾਨਵੀਂ ਸਾਮਰਾਜ ਅਤੇ ਰਾਸ਼ਟਰ ਮੰਡਲ ਖੇਡਾਂ, 1970 ਤੋਂ 1974 ਈਸਵੀ ਤੱਕ ਬਰਤਾਨਵੀਂ ਰਾਸ਼ਟਰ ਮੰਡਲ ਖੇਡਾਂ ਅਤੇ 1978 ਤੋਂ ਲੈ ਕੇ ਵਰਤਮਾਨ ਸਮੇਂ ਤੱਕ ਰਾਸ਼ਟਰ ਮੰਡਲ ਖੇਡਾਂ ਦੇ ਨਾਂ ਹੇਠ ਖੇਡੀਆਂ ਜਾ ਰਹੀਆਂ ਹਨ। ਓਲੰਪਿਕ ਖੇਡਾਂ ਅਤੇ ਏਸ਼ੀਆਈ ਖੇਡਾਂ ਤੋਂ ਬਾਅਦ ਇਹ ਵਿਸ਼ਵ ਦਾ ਤੀਸਰਾ ਵੱਡਾ ਖੇਡ ਮਹਾਂ ਉਤਸਵ ਹੈ ਜਿਸ ਵਿੱਚ ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ।

ਪਹਿਲੀਆਂ ਖੇਡਾਂ 'ਬਰਤਾਨਵੀ ਸਾਮਰਾਜ ਖੇਡਾਂ' ਦੇ ਨਾਂ ਹੇਠ 1930 ਵਿੱਚ 16 ਤੋਂ 23 ਅਗਸਤ ਤੱਕ ਕੈਨੇਡਾ ਦੇ ਸ਼ਹਿਰ ਹੈਮਿੰਲਟਨ ਵਿਖੇ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 11 ਦੇਸ਼ਾਂ ਦੇ 400 ਅਥਲੀਟਾਂ ਨੇ 6 ਖੇਡਾਂ ਦੇ 59 ਮੁਕਾਬਲਿਆਂ ਵਿੱਚ ਹਿੱਸਾ ਲਿਆ ਸੀ। ਇੰਗਲੈਂਡ ਦੀ ਟੀਮ ਇਹਨਾਂ ਖੇਡਾਂ ਦੀ ਮੋਹਰੀ ਟੀਮ ਬਣੀ ਸੀ।

ਦੂਜੀਆਂ ਬਰਤਾਨਵੀ ਸਾਮਰਾਜ ਖੇਡਾਂ 1934 ਵਿੱਚ 4 ਤੋਂ 11 ਅਗਸਤ ਤੱਕ ਲੰਡਨ (ਇੰਗਲੈਂਡ) ਵਿਖੇ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 16 ਦੇਸ਼ਾਂ ਦੇ 500 ਖਿਡਾਰੀਆਂ ਨੇ 6 ਖੇਡਾਂ ਦੀਆਂ 68 ਵੰਨਗੀਆਂ ਵਿੱਚ ਹਿੱਸਾ ਲਿਆ ਸੀ। ਲਗਾਤਾਰ ਦੂਸਰੀ ਵਾਰ ਫਿਰ ਇੰਗਲੈਂਡ ਦੀ ਟੀਮ ਇਹਨਾਂ ਖੇਡਾਂ ਵਿੱਚ ਪਹਿਲੇ ਸਥਾਨ ‘ਤੇ ਰਹੀ ਸੀ।

ਤੀਸਰੀਆਂ ਬਰਤਾਨਵੀਂ ਸਾਮਰਾਜ ਖੇਡਾਂ 1938 ਵਿੱਚ 5 ਤੋਂ 12 ਫਰਵਰੀ ਤੱਕ ਆਸਟਰੇਲੀਆ ਦੇ ਸ਼ਹਿਰ ਸਿਡਨੀ 'ਚ ਕਰਵਾਈਆਂ ਗਈਆਂ ਸਨ। ਇਹਨਾਂ ਖੇਡਾਂ ਵਿੱਚ 15 ਦੇਸ਼ਾਂ ਤੋਂ 464 ਅਥਲੀਟਾਂ ਨੇ 7 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਲਈ ਦਾਅ ਤੇ ਲੱਗੇ 71 ਸੋਨ ਤਮਗਿਆਂ ਲਈ ਸ਼ੰਘਰਸ਼ ਕੀਤਾ। ਇਸ ਵਾਰ ਆਸਟਰੇਲੀਆ ਨੇ ਇੰਗਲੈਂਡ ਨੂੰ ਪਛਾੜ ਕੇ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

1942 ਵਿੱਚ ਬਰਤਾਨਵੀਂ ਸਾਮਰਾਜ ਖੇਡਾਂ ਕਰਵਾਉਣ ਲਈ ਕੈਨੇਡਾ ਨੂੰ ਦੂਸਰੀ ਵਾਰ ਚੁਣਿਆ ਗਿਆ ਸੀ ਅਤੇ ਮੌਂਟਰੀਅਲ ਸ਼ਹਿਰ ਵਿੱਚ ਇਹ ਖੇਡਾਂ ਕਰਵਾਈਆਂ ਜਾਣੀਆਂ ਸਨ ਪਰ ਦੂਸਰਾ ਵਿਸ਼ਵ ਯੁੱਧ ਚੱਲ ਰਿਹਾ ਹੋਣ ਕਾਰਨ ਨਹੀਂ ਕਰਵਾਈਆਂ ਜਾ ਸਕੀਆਂ ਸਨ। ਇਸ ਤਰ੍ਹਾਂ ਹੀ 1946 ਵਿੱਚ ਕਾਰਡਿਫ (ਵੇਲਜ਼) ਵਿੱਚ ਕਰਵਾਈਆਂ ਜਾਣ ਵਾਲੀਆਂ ਖੇਡਾਂ ਵੀ ਦੂਸਰੇ ਵਿਸ਼ਵ ਯੁੱਧ ਦੀ ਭੇਟ ਚੜ੍ਹ ਗਈਆਂ ਸਨ।

ਚੌਥੀਆਂ ਬਰਤਾਨਵੀਂ ਸਾਮਰਾਜ ਖੇਡਾਂ 1950 ਵਿੱਚ 4 ਤੋਂ 11 ਫਰਵਰੀ ਤੱਕ ਨਿਊਜੀਲੈਂਡ ਦੇ ਸ਼ਹਿਰ ਆਕਲੈਂਡ ਵਿੱਚ ਹੋਈਆਂ। ਇਹਨਾਂ ਖੇਡਾਂ ਦੌਰਾਨ 12 ਦੇਸ਼ਾਂ ਦੇ 590 ਖਿਡਾਰੀਆਂ ਨੇ 9 ਖੇਡਾਂ ਦੀਆਂ 88 ਵੰਨਗੀਆਂ ਜਿੱਤਣ ਲਈ ਆਪਣਾ ਪਸੀਨਾ ਵਹਾਇਆ। ਇਹਨਾਂ ਖੇਡਾਂ ਵਿੱਚ ਆਸਟਰੇਲੀਆ ਦੇ ਖਿਡਾਰੀਆਂ ਨੇ ਇੱਕ ਵਾਰ ਫੇਰ ਵਧੀਆ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ।

5ਵੀਆਂ ਖੇਡਾਂ 'ਬਰਤਾਨੀਆਂ ਸਾਮਰਾਜ ਅਤੇ ਰਾਸ਼ਟਰ ਮੰਡਲ ਖੇਡਾਂ' ਦੇ ਨਵੇਂ ਨਾਂ ਹੇਠ 1954 ਵਿੱਚ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਖੇ 30 ਜੁਲਾਈ ਤੋਂ 7 ਅਗਸਤ ਤੱਕ ਕਰਵਾਈਆਂ ਗਈਆਂ। ਹੈਮਿਲਟਨ ਤੋਂ ਬਾਅਦ ਇਹ ਖੇਡਾਂ ਸਫਲਤਾਪੂਰਵਕ ਕਰਵਾਉਣ ਵਾਲਾ ਵੈਨਕੂਵਰ ਕੈਨੇਡਾ ਦਾ ਦੂਜਾ ਸ਼ਹਿਰ ਹੈ। ਜਿੱਥੇ 9 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ 91 ਸੋਨ ਤਮਗੇ ਜਿੱਤਣ ਲਈ 24 ਦੇਸ਼ਾਂ ਦੇ 662 ਖਿਡਾਰੀਆਂ ਨੇ ਜਬਰਦਸਤ ਖੇਡ ਨਜ਼ਾਰਾ ਪੇਸ਼ ਕੀਤਾ। ਇਹਨਾਂ ਖੇਡਾਂ ਦੀ ਓਵਰਆਲ ਟਰਾਫੀ ਤੇ ਇੰਗਲੈਂਡ ਦੇ ਖਿਡਾਰੀਆਂ ਨੇ ਤੀਜੀ ਵਾਰ ਕਬਜ਼ਾ ਕਰਕੇ ਆਪਣਾ ਲੋਹਾ ਮਨਵਾਇਆ।

6ਵੀਆਂ ਬਰਤਾਨਵੀਂ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ 1958 ਵਿੱਚ 18 ਤੋਂ 26 ਜੁਲਾਈ ਤੱਕ ਵੇਲਜ ਦੇ ਸ਼ਹਿਰ ਕਾਰਡਿਫ ਦੇ ਖੇਡ ਮੈਦਾਨਾਂ ਵਿੱਚ ਕਰਵਾਈਆਂ ਗਈਆਂ (ਇਸ ਤੋਂ ਪਹਿਲਾਂ 1946 ਵਿੱਚ ਵੀ ਕਾਰਡਿਫ (ਵੇਲਜ਼) ਨੂੰ ਇਹ ਖੇਡਾਂ ਕਰਵਾਉਣ ਦੀ ਜ਼ਿੰਮੇਵਾਰੀ ਮਿਲੀ ਸੀ ਪਰ ਦੂਜੇ ਵਿਸ਼ਵ ਯੁੱਧ ਕਾਰਨ ਹੋ ਨਹੀਂ ਸਨ ਸਕੀਆਂ)। ਇਹਨਾਂ ਖੇਡਾਂ ਵਿੱਚ 36 ਦੇਸ਼ਾਂ ਦੇ 1122 ਅਥਲੀਟਾਂ ਨੇ 9 ਖੇਡਾਂ ਦੀਆਂ 94 ਵੱਖ-ਵੱਖ ਵੰਨਗੀਆਂ ਵਿੱਚ ਤਮਗੇ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ। ਪਰ ਇੰਗਲੈਂਡ ਇੱਕ ਵਾਰ ਫਿਰ ਇਹਨਾਂ ਖੇਡਾਂ ਵਿੱਚ ਆਪਣੀ ਬਾਦਸ਼ਾਹਤ ਬਹਾਲ ਕਰਨ ਵਿੱਚ ਸਫਲ ਰਿਹਾ।

7ਵੀਆਂ ਬਰਤਾਨਵੀਂ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ 1962 ਵਿੱਚ ਪਰਥ (ਆਸਟਰੇਲੀਆ) ਵਿਖੇ 22 ਨਵੰਬਰ ਤੋਂ 1 ਦਸੰਬਰ ਤੱਕ ਕਰਵਾਈਆਂ ਗਈਆਂ। ਸਿਡਨੀ ਤੋਂ ਬਾਅਦ ਪਰਥ ਇਹ ਖੇਡਾਂ ਕਰਵਾਉਣ ਵਾਲਾ ਆਸਟਰੇਲੀਆਂ ਦਾ ਦੂਜਾ ਸ਼ਹਿਰ ਬਣਿਆ। ਇਹਨਾਂ ਖੇਡਾਂ ਵਿੱਚ 35 ਦੇਸ਼ਾਂ ਤੋਂ 863 ਖਿਡਾਰੀਆਂ ਨੇ 9 ਖੇਡਾਂ ਦੇ 104 ਮੁਕਾਬਲਿਆਂ 'ਚ ਜਿੱਤ ਪ੍ਰਾਪਤ ਕਰਨ ਲਈ ਸ਼ੰਘਰਸ਼ ਕੀਤਾ। ਮੇਜ਼ਬਾਨ ਆਸਟਰੇਲੀਆਂ ਨੇ ਤੀਜੀ ਵਾਰ ਇਹਨਾਂ ਖੇਡਾਂ ਦਾ ਜੇਤੂ ਬਣਨ ਦਾ ਮਾਣ ਹਾਸਲ ਕੀਤਾ।

8ਵੀਆਂ ਬਰਤਾਨਵੀਂ ਸਾਮਰਾਜ ਅਤੇ ਰਾਸ਼ਟਰਮੰਡਲ ਖੇਡਾਂ 1966 ਵਿੱਚ ਜਮੈਕਾ ਦੇ ਸ਼ਹਿਰ ਕਿੰਗਸਟਨ ਵਿੱਚ ਕਰਵਾਈਆਂ ਗਈਆਂ। 4 ਅਗਸਤ ਤੋਂ 13 ਅਗਸਤ ਤੱਕ ਕਰਵਾਈਆਂ ਗਈਆਂ ਇਹਨਾਂ ਖੇਡਾਂ ਵਿੱਚ 34 ਮੁਲਕਾਂ ਦੇ 1050 ਅਥਲੀਟਾਂ ਨੇ 9 ਖੇਡਾਂ ਦੇ 110 ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਆਸਟਰੇਲੀਆ ਨੂੰ ਪਛਾੜ ਕੇ ਇੰਗਲੈਂਡ ਪੰਜਵੀਂ ਵਾਰ ਪਹਿਲੇ ਸਥਾਨ ‘ਤੇ ਕਬਜਾ ਕਰਨ ਵਿੱਚ ਸਫਲ ਰਿਹਾ।

9ਵੀਆਂ ਖੇਡਾਂ 1970 ਵਿੱਚ ਨਵੇਂ ਨਾਂ 'ਬਰਤਾਨਵੀਂ ਰਾਸ਼ਟਰਮੰਡਲ ਖੇਡਾਂ' ਹੇਠ ਈਡਨਬਰਗ (ਸਕਾਟਲੈਂਡ) ਵਿੱਚ 16 ਤੋਂ 25 ਜੁਲਾਈ ਤੱਕ ਸੰਪੰਨ ਹੋਈਆਂ। ਇੱਥੇ 42 ਦੇਸ਼ਾਂ ਦੇ 1383 ਅਥਲੀਟਾਂ ਨੇ 9 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਦਿੱਤੇ ਜਾਣ ਵਾਲੇ 121 ਸੋਨ ਤਮਗਿਆਂ ਲਈ ਜੋਰ ਅਜ਼ਮਾਈ ਕੀਤੀ। ਜਦਕਿ ਚੌਥੀ ਵਾਰ ਚੈਂਪੀਅਨ ਬਣਨ ਦਾ ਮਾਣ ਆਸਟਰੇਲੀਆ ਦੇ ਹਿੱਸੇ ਆਇਆ।

10ਵੀਆਂ ਬਰਤਾਨਵੀਂ ਰਾਸ਼ਟਰਮੰਡਲ ਖੇਡਾਂ ਨਿਊਜੀਲੈਂਡ ਦੇ ਸ਼ਹਿਰ ਕ੍ਰਾਈਸਟਚਰਚ ਨੂੰ ਕਰਵਾਉਣ ਦਾ ਸੁਭਾਗ ਪ੍ਰਾਪਤ ਹੋਇਆ। ਆਕਲੈਂਡ ਤੋਂ ਬਾਅਦ ਰਾਸ਼ਟਰਮੰਡਲ ਖੇਡਾਂ ਕਰਵਾਉਣ ਵਾਲਾ ਕ੍ਰਾਈਸਟਚਰਚ ਨਿਊਜੀਲੈਂਡ ਦਾ ਦੂਜਾ ਸ਼ਹਿਰ ਬਣਿਆ। 1974 ਵਿੱਚ 24 ਜਨਵਰੀ ਤੋਂ 2 ਫਰਵਰੀ ਤੱਕ ਹੋਈਆਂ ਇਹਨਾਂ ਖੇਡਾਂ ਵਿੱਚ 38 ਦੇਸ਼ਾਂ ਦੇ 1276 ਅਥਲੀਟਾਂ ਨੇ 9 ਖੇਡਾਂ ਦੀਆਂ 121 ਖੇਡ ਵੰਨਗੀਆਂ ਵਿੱਚ ਜਿੱਤ ਪ੍ਰਾਪਤ ਕਰਨ ਲਈ ਪੂਰਾ ਜੋਰ-ਤਾਣ ਲਗਾਇਆ। ਇੱਥੇ ਵੀ ਆਸਟਰੇਲੀਆ ਆਪਣੀ ਸਰਦਾਰੀ ਬਰਕਰਾਰ ਪੰਜਵੀਂ ਵਾਰ ਚੈਂਪੀਅਨ ਬਣ ਕੇ ਇੰਗਲੈਂਡ ਦੀ ਬਰਾਬਰੀ ਕੀਤੀ।

11ਵੀਆਂ ਖੇਡਾਂ 'ਰਾਸ਼ਟਰਮੰਡਲ ਖੇਡਾਂ' ਦੇ ਆਪਣੇ ਵਰਤਮਾਨ ਨਾਂ ਹੇਠ 1978 ਵਿੱਚ 3 ਤੋਂ 12 ਅਗਸਤ ਤੱਕ ਕੈਨੇਡਾ ਦੇ ਸ਼ਹਿਰ ਅਡਮੰਟਨ ਵਿੱਚ ਕਰਵਾਈਆਂ ਗਈਆਂ ਅਤੇ ਕੈਨੇਡਾ ਨੇ ਤੀਸਰੀ ਵਾਰ ਇਹਨਾਂ ਖੇਡਾਂ ਦੀ ਮੇਜ਼ਬਾਨੀ ਕੀਤੀ। ਇਹਨਾਂ ਖੇਡਾਂ ਵਿੱਚ 46 ਦੇਸ਼ਾਂ ਦੇ 1474 ਖਿਡਾਰੀਆਂ ਨੇ 10 ਖੇਡਾਂ ਦੇ 128 ਮੁਕਾਬਲਿਆਂ ਵਿੱਚ ਹਿੱਸਾ ਲਿਆ। ਮੇਜ਼ਬਾਨ ਕੈਨੇਡਾ ਪਹਿਲੀ ਵਾਰ ਰਾਸ਼ਟਰਮੰਡਲ ਖੇਡਾਂ ਦਾ ਚੈਂਪੀਅਨ ਬਣਿਆ।

12ਵੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰਨ ਦਾ ਆਸਟਰੇਲਆ ਨੂੰ ਤੀਸਰੀ ਵਾਰ ਮੌਕਾ ਮਿਲਿਆ। 1982 ਵਿੱਚ ਆਸਟਰੇਲੀਆ ਦੇ ਸ਼ਹਿਰ ਬ੍ਰਿਸਬਨ ਵਿਖੇ 30 ਸਤੰਬਰ ਤੋਂ 9 ਅਕਤੂਬਰ ਤੱਕ ਇਹ ਖੇਡਾਂ ਆਯੋਜਿਤ ਕੀਤੀਆਂ ਗਈਆਂ। ਇਹਨਾਂ ਖੇਡਾਂ ਵਿੱਚ 46 ਦੇਸ਼ਾਂ ਦੇ 1583 ਖਿਡਾਰੀਆਂ ਨੇ 10 ਖੇਡਾਂ ਦੇ 142 ਮੁਕਾਬਲਿਆਂ ਵਿੱਚ ਭਾਗ ਲਿਆ ਅਤੇ ਆਸਟਰੇਲੀਆ ਨੇ ਛੇਵੀਂ ਵਾਰ ਓਵਰ ਆਲ ਟਰਾਫੀ ਜਿੱਤ ਕੇ ਆਪਣੀ ਸਦਾਰਤ ਕਾਇਮ ਕੀਤੀ।

13ਵੀਆਂ ਰਾਸ਼ਟਰਮੰਡਲ ਖੇਡਾਂ 1986 ਵਿੱਚ ਸਕਾਟਲੈਂਡ ਦੇ ਸ਼ਹਿਰ ਈਡਨਬਰਗ ਵਿੱਚ ਕਰਵਾਈਆਂ ਗਈਆਂ। 24 ਜੁਲਾਈ ਤੋਂ 2 ਅਗਸਤ ਤੱਕ ਹੋਈਆਂ ਇਹਨਾਂ ਖੇਡਾਂ ਵਿੱਚ 26 ਦੇਸ਼ਾਂ ਦੇ 1662 ਖਿਡਾਰੀਆਂ ਨੇ ਹਿੱਸਾ ਲਿਆ। 10 ਖੇਡਾਂ ਲਈ ਹੋਏ 163 ਮੁਕਾਬਲਿਆਂ ਵਿੱਚ ਇੰਗਲੈਂਡ ਨੇ ਇੱਕ ਵਾਰ ਫਿਰ ਸਿਖਰਲਾ ਸਥਾਨ ਹਾਸਲ ਕਰਦਿਆਂ ਛੇਵੀਂ ਵਾਰ ਇਹ ਖੇਡਾਂ ਜਿੱਤ ਕੇ ਆਸਟਰੇਲੀਆ ਦੀ ਬਰਾਬਰੀ ਕੀਤੀ।

40 ਸਾਲ ਬਾਅਦ ਨਿਊਜੀਲੈਂਡ ਦੇ ਸ਼ਹਿਰ ਆਕਲੈਂਡ ਨੂੰ ਦੂਜੀ ਵਾਰ ਇਹ ਖੇਡਾਂ ਕਰਵਾਉਣ ਦਾ ਮੌਕਾ ਮਿਲਿਆ। 14ਵੀਆਂ ਰਾਸ਼ਟਰਮੰਡਲ ਖੇਡਾਂ ਆਕਲੈਂਡ ਵਿੱਚ 24 ਜਨਵਰੀ ਤੋਂ 3 ਫਰਵਰੀ ਤੱਕ ਕਰਵਾਈਆਂ ਗਈਆਂ ਵਿੱਚ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 55 ਦੇਸ਼ਾਂ ਤੋਂ 2073 ਖਿਡਾਰੀਆਂ ਨੇ 10 ਖੇਡਾਂ ਲਈ ਹੋਏ ਮੁਕਾਬਲਿਆਂ ਵਿੱਚ 204 ਸੋਨ ਤਮਗੇ ਜਿੱਤਣ ਲਈ ਆਪਣੇ ਜੌਹਰ ਦਿਖਾਏ। ਆਪਣੇ ਵਿਰੋਧੀਆਂ ਨੂੰ ਪਛਾੜ ਕੇ ਆਸਟਰੇਲੀਆ ਸੱਤਵੀਂ ਵਾਰ ਇਹਨਾਂ ਖੇਡਾਂ ਵਿੱਚ ਸਿਖਰਲਾ ਮੁਕਾਮ ਹਾਸਲ ਕਰਨ ਵਿੱਚ ਸਫਲ ਰਿਹਾ।

15ਵੀਆਂ ਰਾਸ਼ਟਰਮੰਡਲ ਖੇਡਾਂ 1994 ਵਿੱਚ ਕੈਨੇਡਾ ਦੇ ਸ਼ਹਿਰ ਵਿਕਟੋਰੀਆ ਵਿੱਚ 18 ਤੋਂ 28 ਅਗਸਤ ਤੱਕ ਕਰਵਾਈਆਂ ਗਈਆਂ ਅਤੇ ਕੈਨੇਡਾ ਨੇ ਚੌਥੀ ਵਾਰ ਇਹਨਾਂ ਖੇਡਾਂ ਦੀ ਮੇਜ਼ਬਾਨੀ ਕੀਤੀ। 10 ਖੇਡਾਂ ਦੇ ਹੋਏ 217 ਮੁਕਾਬਲਿਆਂ ਵਿੱਚ 63 ਦੇਸ਼ਾਂ ਦੇ 2557 ਖਿਡਾਰੀਆਂ ਨੇ ਆਪਣੇ ਖੇਡ ਹੁਨਰ ਦਾ ਜਲਵਾ ਬਿਖੇਰਿਆ। ਇੱਥੇ ਵੀ ਬਾਜ਼ੀ ਆਸਟਰੇਲੀਆ ਦੇ ਹੱਥ ਰਹੀ।

16ਵੀਆਂ ਰਾਸ਼ਟਰਮੰਡਲ ਖੇਡਾਂ ਕਰਵਾਉਣ ਦਾ ਮਾਣ ਪਹਿਲੀ ਵਾਰ ਕਿਸੇ ਏਸ਼ੀਆਈ ਦੇਸ਼ ਨੂੰ ਮਿਲਿਆ। ਸਾਲ 1998 ਵਿੱਚ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ 11 ਤੋਂ 21 ਸਤੰਬਰ ਤੱਕ ਹੋਈਆਂ ਇਹਨਾਂ ਖੇਡਾਂ ਵਿੱਚ 70 ਦੇਸ਼ਾਂ ਦੇ 3633 ਖਿਡਾਰੀਆਂ ਨੇ ਜਿੱਤਣ ਲਈ ਅੱਡੀ ਚੋਟੀ ਦਾ ਜੋਰ ਲਗਾਇਆ। 15 ਖੇਡਾਂ ਦੇ ਹੋਏ 213 ਮੁਕਾਬਲਿਆਂ ਵਿੱਚ ਇੱਕ ਵਾਰ ਫਿਰ ਤੋਂ ਆਸਟਰੇਲੀਆ ਨੇ ਪਹਿਲੇ ਸਥਾਨ ‘ਤੇ ਕਬਜ਼ਾ ਕੀਤਾ ਅਤੇ ਆਸਟਰੇਲੀਆ ਰਿਕਾਰਡ ਨੌਵੀਂ ਵਾਰ ਇਹਨਾਂ ਖੇਡਾਂ ਦਾ ਜੇਤੂ ਬਣਿਆ।

17ਵੀਆਂ ਰਾਸ਼ਟਰਮੰਡਲ ਖੇਡਾਂ ਸਾਲ 2002 ਵਿੱਚ ਮਾਨਚੈਸਟਰ (ਇੰਗਲੈਂਡ) ਵਿਖੇ 25 ਜੁਲਾਈ ਤੋਂ 4 ਅਗਸਤ ਤੱਕ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 72 ਦੇਸ਼ਾਂ ਦੇ 3679 ਖਿਡਾਰੀਆਂ ਨੇ 17 ਖੇਡਾਂ ਦੀਆਂ 281 ਖੇਡ ਵੰਨਗੀਆਂ ਵਿੱਚ ਹਿੱਸਾ ਲਿਆ। ਆਸਟਰੇਲੀਆ ਨੇ ਇੱਥੇ ਵੀ ਲਗਾਤਾਰ ਚੌਥੇ ਸਾਲ ਆਪਣੀ ਸਦਾਰਤ ਕਾਇਮ ਰੱਖੀ।

18ਵੀਆਂ ਰਾਸ਼ਟਰਮੰਡਲ ਖੇਡਾਂ ਸਾਲ 2006 ਵਿੱਚ 15 ਤੋਂ 26 ਮਾਰਚ ਤੱਕ ਸੰਪੰਨ ਹੋਈਆਂ। ਮੈਲਬਰਨ (ਆਸਟਰੇਲੀਆ) ਵਿੱਚ ਹੋਈਆਂ ਇਹਨਾਂ ਖੇਡਾਂ ਵਿੱਚ 71 ਦੇਸ਼ਾਂ ਦੇ 4049 ਅਥਲੀਟਾਂ ਨੇ 17 ਖੇਡਾਂ ਵਿੱਚ ਦਿੱਤੇ ਜਾਣ 245 ਸੋਨ ਤਮਗਿਆਂ ਲਈ ਸੰਘਰਸ਼ ਕੀਤਾ। 11ਵੀਂ ਵਾਰ ਚੈਂਪੀਅਨ ਬਣ ਕੇ ਇੱਥੇ ਵੀ ਆਸਟਰੇਲੀਆ ਨੇ ਆਪਣਾ ਦਬਦਬਾ ਕਾਇਮ ਰੱਖਿਆ। 19ਵੀਆਂ ਰਾਸ਼ਟਰਮੰਡਲ ਖੇਡਾਂ ਕਰਵਾਉਣ ਦੀ ਜ਼ਿੰਮੇਵਾਰੀ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਮਿਲੀ। 3 ਤੋਂ 14 ਅਕਤੂਬਰ 2010 ਤੱਕ ਹੋਈਆਂ ਇਹਨਾਂ ਖੇਡਾਂ ਵਿੱਚ 71 ਦੇਸ਼ਾਂ ਦੇ 4352 ਅਥਲੀਟਾਂ ਨੇ 17 ਖੇਡਾਂ ਦੀਆਂ 272 ਵੰਨਗੀਆਂ ਵਿੱਚ ਹਿੱਸਾ ਲਿਆ। ਆਸਟਰੇਲੀਆ ਨੇ ਲਗਾਤਾਰ ਛੇਵੀਂ ਵਾਰ ਤੇ ਕੁੱਲ 12ਵੀਂ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

20ਵੀਆਂ ਰਾਸ਼ਟਰਮੰਡਲ ਖੇਡਾਂ 23 ਜੁਲਾਈ ਤੋਂ 3 ਅਗਸਤ 2014 ਤੱਕ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 71 ਦੇਸ਼ਾਂ ਦੇ 4947 ਅਥਲੀਟਾਂ ਨੇ 18 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ 261 ਸੋਨ ਤਮਗਿਆਂ ਲਈ ਜੋਰ ਤਾਣ ਲਾਇਆ। ਲੰਬੇ ਅਰਸੇ ਬਾਅਦ ਇੰਗਲੈਂਡ ਆਸਟਰੇਲੀਆ ਨੂੰ ਪਛਾੜ ਕੇ ਚੈਂਪੀਅਨ ਬਣਨ ਵਿੱਚ ਸਫਲ ਰਿਹਾ। 21ਵੀਆਂ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਆਸਟਰੇਲੀਆ ਦੇ ਸ਼ਹਿਰ ਗੋਲਡ ਕੋਸਟ ਨੂੰ ਮਿਲੀ। 4 ਤੋਂ 15 ਅਪ੍ਰੈਲ 2018 ਤੱਕ ਕਰਵਾਈਆਂ ਗਈਆਂ ਇਹਨਾਂ ਖੇਡਾਂ ਵਿੱਚ 71 ਦੇਸ਼ਾਂ ਦੇ 4426 ਅਥਲੀਟਾਂ ਨੇ 18 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ ਦਿੱਤੇ ਗਏ 275 ਸੋਨ ਤਮਗਿਆਂ ਲਈ ਪਸੀਨਾ ਵਹਾਇਆ। ਮੇਜ਼ਬਾਨ ਆਸਟਰੇਲੀਆ ਨੇ ਆਪਣਾ ਦਬਦਬਾ ਬਣਾਉਂਦਿਆਂ ਮੁੜ ਪਹਿਲਾ ਸਥਾਨ ਹਾਸਲ ਕੀਤਾ।

22ਵੀਆਂ ਰਾਸ਼ਟਰਮੰਡਲ ਖੇਡਾਂ ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿਖੇ 28 ਜੁਲਾਈ ਤੋਂ 8 ਅਗਸਤ 2022 ਤੱਕ ਕਰਵਾਈਆਂ ਗਈਆਂ। ਇਹਨਾਂ ਖੇਡਾਂ ਵਿੱਚ 72 ਦੇਸ਼ਾਂ ਦੇ 5054 ਅਥਲੀਟਾਂ ਨੇ 20 ਖੇਡਾਂ ਦੀਆਂ ਵੱਖ-ਵੱਖ ਵੰਨਗੀਆਂ ਵਿੱਚ 283 ਸੋਨ ਤਮਗੇ ਜਿੱਤਣ ਲਈ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ। ਮੇਜ਼ਬਾਨ ਇੰਗਲੈਂਡ ਨੂੰ ਪਿੱਛੇ ਛੱਡਦਿਆਂ ਆਸਟਰੇਲੀਆ ਨੇ ਰਿਕਾਰਡ 14ਵੀਂ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।

23ਵੀਆਂ ਰਾਸ਼ਟਰਮੰਡਲ ਖੇਡਾਂ ਕਰਵਾਉਣ ਦੀ ਜ਼ਿੰਮੇਵਾਰੀ ਇੱਕ ਵਾਰ ਫਿਰ ਤੋਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੂੰ ਦਿੱਤੀ ਗਈ ਹੈ। ਇੱਥੇ 23 ਜੁਲਾਈ ਤੋਂ 2 ਅਗਸਤ 2026 ਤੱਕ ਕਰਵਾਈਆਂ ਜਾ ਰਹੀਆਂ ਇਹਨਾਂ ਖੇਡਾਂ ਵਿੱਚ 74 ਦੇਸ਼ਾਂ ਦੇ ਲਗਭਗ 3 ਕੁ ਹਜ਼ਾਰ ਅਥਲੀਟ 10 ਖੇਡਾਂ ਦੀਆਂ 215 ਵੱਖ-ਵੱਖ ਵੰਨਗੀਆਂ ਵਿੱਚ ਹਿੱਸਾ ਲੈ ਰਹੇ ਹਨ। ਸਾਲ 2030 ਵਿੱਚ 24ਵੀਆਂ ਰਾਸ਼ਟਰਮੰਡਲ ਖੇਡਾਂ ਭਾਰਤ ਦੇ ਸ਼ਹਿਰ ਅਹਿਮਦਾਬਾਦ ਵਿੱਚ ਕਰਵਾਈਆਂ ਜਾਣਗੀਆਂ। ਆਸਟਰੇਲੀਆ, ਕੈਨੇਡਾ, ਇੰਗਲੈਂਡ, ਨਿਊਜੀਲੈਂਡ, ਸਕਾਟਲੈਂਡ ਅਤੇ ਵੇਲਜ ਹੀ ਅਜਿਹੇ ਦੇਸ਼ ਹੀ ਹਨ ਜਿੰਨਾਂ ਨੇ ਹੁਣ ਤੱਕ ਦੀਆਂ ਹੋਈਆਂ ਸਾਰੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲਿਆ ਹੈ। ਸਾਲ 2022 ਤੱਕ ਹੋਈਆਂ ਕੁੱਲ 22 ਰਾਸ਼ਟਰਮੰਡਲ ਖੇਡਾਂ ਵਿੱਚ ਆਸਟਰੇਲੀਆ ਨੂੰ 14 ਵਾਰ, ਇੰਗਲੈਂਡ ਨੂੰ 7 ਵਾਰ ਅਤੇ ਕੈਨੇਡਾ ਨੂੰ 1 ਵਾਰ ਚੈਂਪੀਅਨ ਬਣਨ ਦਾ ਮਾਣ ਮਿਲਿਆ ਹੈ। ਰਾਸ਼ਟਰਮੰਡਲ ਦੇਸ਼ਾਂ ਵਿਚਕਾਰ ਮਿੱਤਰਤਾ ਅਤੇ ਸਹਿਯੋਗ ਦੀ ਭਾਵਨਾ ਵਧਾਉਣ ਦੇ ਉਦੇਸ਼ ਨਾਲ ਸ਼ੁਰੂ ਹੋਈਆਂ ਰਾਸ਼ਟਰਮੰਡਲ ਖੇਡਾਂ ਵਿੱਚ ਇਸ ਵਾਰ ਆਸਟਰੇਲੀਆ ਆਪਣੀ ਬਾਦਸ਼ਾਹਤ ਕਾਇਮ ਰੱਖਣ ਵਿੱਚ ਸਫਲ ਹੁੰਦਾ ਹੈ ਜਾਂ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ ਪਰ ਇਹਨਾਂ ਖੇਡਾਂ ਵਿੱਚ ਭਾਗ ਲੈਣ ਵਾਲੇ ਸਾਰੇ ਖਿਡਾਰੀਆਂ ਨੇ ਹੀ ਆਪਣੇ-ਆਪਣੇ ਦੇਸ਼ ਦਾ ਝੰਡਾ ਬੁਲੰਦ ਕਰਨ ਲਈ ਖੂਬ ਮਿਹਨਤ ਕੀਤੀ ਹੈ। ਬਾਜੀ ਕਿਸ ਦੇ ਹੱਥ ਆਉਂਦੀ ਹੈ ਇਸ ਦਾ ਪਤਾ ਗਲਾਸਗੋ ਦੇ ਮੈਦਾਨਾਂ ਵਿੱਚ ਹੋਣ ਵਾਲੇ ਸੰਘਰਸ਼ ਤੋਂ ਬਾਅਦ ਹੀ ਲੱਗੇਗਾ।

SANJHI SOCH
ਹਰਜੀਤ ਸਿੰਘ ਜੋਗਾ
(ਡੀ.ਪੀ.ਈ.)
ਸਰਕਾਰੀ ਹਾਈ ਸਕੂਲ, ਬਦਰਾ
94178-30981



Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਸੀ.ਬੀ.ਪੀ ਵਨ ਰਾਹੀਂ ਦਾਖਲ ਹੋਏ ਪ੍ਰਵਾਸੀਆਂ ਦੇ ਦਰਜੇ ਬਾਰੇ ਅਦਾਲਤੀ ਲੜਾਈ ਜਾਰੀ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਬਾਇਡਨ ਪ੍ਰਸ਼ਾਸਨ ਦੌਰਾਨ ਸੀ.ਬੀ.ਪੀ. ਵਨ ਐਪ ਰਾਹੀਂ ਅਮਰੀਕਾ ਵਿਚ ਦਾਖਲ ਹੋਏ ਲਗਭਗ 9 ਲੱਖ ਪ੍ਰਵਾਸੀਆਂ ਦੇ ਪੈਰੋਲ ਦਰਜੇ ਨੂੰ ਰੱਦ ਕਰਨ ਦੇ ਟਰੰਪ ਪ੍ਰਸ਼ਾਸਨ ਦੇ ਫੈਸਲੇ ਨੂੰ ਲੈ ਕੇ ਫੈਡਰਲ ਅਦਾਲਤ ਵਿਚ ਸੁਣਵਾਈ ਜਾਰੀ ਹੈ। ਹਾਲ ਹੀ ਵਿਚ ਇੱਕ ਫੈਡਰਲ ਜੱਜ ਨੇ ਸਰਕਾਰ ਨੂੰ ਪ੍ਰਭਾਵਿਤ ਪ੍ਰਵਾਸੀਆਂ ਨੂੰ ਨਵੇਂ ਪੈਰੋਲ-ਟਰਮੀਨੇਸ਼ਨ ਨੋਟਿਸ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ, ਪਰ ਨਾਲ ਹੀ ਇਹ ਵੀ ਕਿਹਾ ਕਿ ਸਰਕਾਰ ਨੂੰ ਕਾਨੂੰਨੀ ਪ੍ਰਕਿਰਿਆ ਦੀ ਪੂਰੀ ਪਾਲਣਾ ਕਰਨੀ ਪਵੇਗੀ।

ਇਹ ਮਾਮਲਾ ਬੋਸਟਨ ਦੀ ਫੈਡਰਲ ਜੱਜ ਐਲਿਸਨ ਬਰੋਜ਼ ਦੀ ਅਦਾਲਤ ਵਿਚ ਚੱਲ ਰਿਹਾ ਹੈ। ਬਾਇਡਨ ਦੌਰ ਦੀ ਨੀਤੀ ਅਧੀਨ ਪ੍ਰਵਾਸੀ ਸੀ.ਬੀ.ਪੀ. ਵਨ ਐਪ ਰਾਹੀਂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਪੇਸ਼ ਹੋਣ ਲਈ ਸਮਾਂ ਲੈਂਦੇ ਸਨ।

ਜਾਂਚ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੂੰ ਆਮ ਤੌਰ 'ਤੇ ਦੋ ਸਾਲ ਤੱਕ ਅਮਰੀਕਾ ਵਿਚ ਰਹਿਣ ਦੀ ਅਸਥਾਈ ਮਨਜ਼ੂਰੀ ਅਤੇ ਕੰਮ ਕਰਨ ਦੀ ਯੋਗਤਾ ਮਿਲੀ ਸੀ। ਇਹ ਗ੍ਰੀਨ ਕਾਰਡ ਜਾਂ ਸਥਾਈ ਕਾਨੂੰਨੀ ਦਰਜਾ ਨਹੀਂ ਸੀ, ਸਗੋਂ ਸਰਕਾਰ ਵੱਲੋਂ ਦਿੱਤੀ ਗਈ ਆਰਜ਼ੀ ਪੈਰੋਲ ਸੀ।



ਇਸ ਤੋਂ ਪਹਿਲਾਂ ਅਦਾਲਤ ਨੇ ਸਰਕਾਰ ਵੱਲੋਂ ਸਮੂਹਕ ਤੌਰ 'ਤੇ ਪੈਰੋਲ ਰੱਦ ਕਰਨ ਦੀ ਕਾਰਵਾਈ 'ਤੇ ਸਵਾਲ ਉਠਾਏ ਸਨ ਅਤੇ ਪ੍ਰਭਾਵਿਤ ਲੋਕਾਂ ਨੂੰ ਰਾਹਤ ਦਿੱਤੀ ਸੀ। ਨਵੇਂ ਹੁਕਮ ਤੋਂ ਬਾਅਦ ਸਰਕਾਰ ਦੁਬਾਰਾ ਨੋਟਿਸ ਜਾਰੀ ਕਰ ਸਕੇਗੀ, ਪਰ ਕੇਸ ਦਾ ਅੰਤਿਮ ਫੈਸਲਾ ਅਜੇ ਨਹੀਂ ਹੋਇਆ। ਇਸ ਕਾਰਨ ਹਜ਼ਾਰਾਂ ਪ੍ਰਵਾਸੀਆਂ ਦਾ ਭਵਿੱਖ ਅਜੇ ਵੀ ਅਦਾਲਤੀ ਫੈਸਲੇ 'ਤੇ ਨਿਰਭਰ ਹੈ।

ਇਹ ਕੇਸ ਡੋ ਬਨਾਮ ਡੀ.ਐੱਚ.ਐੱਸ. ਦੇ ਨਾਂ ਹੇਠ ਕਲਾਸ ਐਕਸ਼ਨ ਵਜੋਂ ਚੱਲ ਰਿਹਾ ਹੈ ਅਤੇ ਇਸ ਦਾ ਅਸਰ ਸੀ.ਬੀ.ਪੀ. ਵਨ ਰਾਹੀਂ ਦਾਖਲ ਹੋਏ 9 ਲੱਖ ਤੋਂ ਵੱਧ ਲੋਕਾਂ 'ਤੇ ਪੈ ਸਕਦਾ ਹੈ। ਅਦਾਲਤੀ ਕਾਰਵਾਈ ਜਾਰੀ ਹੋਣ ਕਾਰਨ ਹਰ ਪ੍ਰਵਾਸੀ ਦੀ ਸਥਿਤੀ ਉਸਦੇ ਨੋਟਿਸ, ਪੈਰੋਲ ਦੀ ਮਿਆਦ, ਅਸਾਇਲਮ ਅਰਜ਼ੀ, ਵਰਕ ਪਰਮਿਟ ਅਤੇ ਹੋਰ ਲੰਬਿਤ ਕੇਸਾਂ ਦੇ ਆਧਾਰ 'ਤੇ ਵੱਖਰੀ ਹੋ ਸਕਦੀ ਹੈ।

ਇਮੀਗ੍ਰੇਸ਼ਨ ਮਾਹਿਰਾਂ ਨੇ ਪ੍ਰਭਾਵਿਤ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਡੀ.ਐੱਚ.ਐੱਸ. ਜਾਂ ਆਈਸ ਵੱਲੋਂ ਮਿਲੇ ਕਿਸੇ ਵੀ ਨਵੇਂ ਨੋਟਿਸ ਨੂੰ ਨਜ਼ਰਅੰਦਾਜ਼ ਨਾ ਕਰਨ, ਆਪਣੇ ਆਨਲਾਈਨ ਇਮੀਗ੍ਰੇਸ਼ਨ ਖਾਤੇ ਅਤੇ ਈਮੇਲ ਦੀ ਜਾਂਚ ਕਰਦੇ ਰਹਿਣ ਅਤੇ ਕੋਈ ਕਦਮ ਚੁੱਕਣ ਤੋਂ ਪਹਿਲਾਂ ਯੋਗ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨ। ਨਵਾਂ ਨੋਟਿਸ ਆਉਣ ਦਾ ਇਹ ਅਰਥ ਨਹੀਂ ਕਿ ਹਰ ਵਿਅਕਤੀ ਨੂੰ ਤੁਰੰਤ ਦੇਸ਼ ਛੱਡਣਾ ਹੀ ਪਵੇਗਾ, ਕਿਉਂਕਿ ਕਈ ਲੋਕਾਂ ਕੋਲ ਅਸਾਇਲਮ, ਪਰਿਵਾਰਕ ਪਟੀਸ਼ਨ ਜਾਂ ਹੋਰ ਵੱਖਰੀ ਕਾਨੂੰਨੀ ਰਾਹਤ ਦਾ ਕੇਸ ਵੀ ਹੋ ਸਕਦਾ ਹੈ।

# ਅਮਰੀਕਾ 'ਚ ਐੱਚ-1ਬੀ ਵੀਜ਼ਾ ਕੈਪ ਪੂਰੀ ਵਿੱਤੀ ਵਰ੍ਹੇ 2027 ਲਈ ਹੁਣ ਹੋਰ ਲਾਟਰੀ ਨਹੀਂ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਐਲਾਨ ਕੀਤਾ ਹੈ ਕਿ ਵਿੱਤੀ ਸਾਲ 2027 (ਵਿੱਤੀ ਵਰ੍ਹੇ 2027) ਲਈ ਐੱਚ-1ਬੀ ਵੀਜ਼ਿਆਂ ਦੀ ਸਾਲਾਨਾ ਸੀਮਾ ਪੂਰੀ ਹੋ ਚੁੱਕੀ ਹੈ। ਇਸ ਦੇ ਨਾਲ ਹੀ ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਸ ਸਾਲ ਕੋਈ ਦੂਜੀ ਐੱਚ-1ਬੀ ਲਾਟਰੀ ਨਹੀਂ ਕੱਢੀ ਜਾਵੇਗੀ। ਅਮਰੀਕੀ ਕਾਨੂੰਨ ਅਨੁਸਾਰ ਹਰ ਸਾਲ 65,000 ਰੈਗੂਲਰ ਐੱਚ-1ਬੀ ਵੀਜ਼ੇ ਅਤੇ 20,000 ਵਾਧੂ ਵੀਜ਼ੇ ਅਮਰੀਕੀ ਯੂਨੀਵਰਸਿਟੀਆਂ ਤੋਂ ਮਾਸਟਰਜ਼ ਜਾਂ ਇਸ ਤੋਂ ਉੱਚੀ ਡਿਗਰੀ ਰੱਖਣ ਵਾਲਿਆਂ ਲਈ ਰਾਖਵੇਂ ਹੁੰਦੇ ਹਨ। ਇਸ ਤਰ੍ਹਾਂ ਕੁੱਲ 85,000 ਐੱਚ-1ਬੀ ਵੀਜ਼ਿਆਂ ਦੀ ਸੀਮਾ ਹੁੰਦੀ ਹੈ ਅਤੇ ਯੂ.ਐੱਸ.ਸੀ.ਆਈ.ਐੱਸ. ਨੇ ਦੱਸਿਆ ਹੈ ਕਿ ਇਨ੍ਹਾਂ ਸਾਰੀਆਂ ਅਰਜ਼ੀਆਂ ਲਈ ਲੋੜੀਂਦੀਆਂ ਪਟੀਸ਼ਨਾਂ ਪ੍ਰਾਪਤ ਹੋ ਚੁੱਕੀਆਂ ਹਨ।

ਇਸ ਐਲਾਨ ਦਾ ਮਤਲਬ ਹੈ ਕਿ ਜਿਨ੍ਹਾਂ ਉਮੀਦਵਾਰਾਂ ਦੀ ਰਜਿਸਟ੍ਰੇਸ਼ਨ ਪਹਿਲਾਂ ਹੀ ਚੁਣੀ ਗਈ ਸੀ, ਉਨ੍ਹਾਂ ਦੀਆਂ ਪਟੀਸ਼ਨਾਂ ਦੀ ਪ੍ਰਕਿਰਿਆ ਜਾਰੀ ਰਹੇਗੀ। ਪਰ ਜਿਨ੍ਹਾਂ ਦੀ ਰਜਿਸਟ੍ਰੇਸ਼ਨ ਨਹੀਂ ਚੁਣੀ ਗਈ, ਉਨ੍ਹਾਂ ਨੂੰ ਇਸ ਵਿੱਤੀ ਸਾਲ ਲਈ ਦੂਜਾ ਮੌਕਾ ਨਹੀਂ ਮਿਲੇਗਾ, ਕਿਉਂਕਿ ਯੂ.ਐੱਸ.ਸੀ.ਆਈ.ਐੱਸ. ਨੇ ਕਿਹਾ ਹੈ ਕਿ ਲੋੜੀਂਦੀ ਗਿਣਤੀ ਦੀਆਂ ਪਟੀਸ਼ਨਾਂ ਪਹਿਲਾਂ ਹੀ ਮਿਲ ਚੁੱਕੀਆਂ ਹਨ।

ਇਸ ਸਾਲ ਐੱਚ-1ਬੀ ਚੋਣ ਪ੍ਰਕਿਰਿਆ ਵਿਚ ਇੱਕ ਮਹੱਤਵਪੂਰਨ ਤਬਦੀਲੀ ਵੀ ਲਾਗੂ ਕੀਤੀ ਗਈ ਸੀ। ਨਵੇਂ ਨਿਯਮਾਂ ਅਧੀਨ ਉੱਚੀ ਤਨਖ਼ਾਹ ਵਾਲੀਆਂ ਨੌਕਰੀਆਂ ਨੂੰ ਚੋਣ ਪ੍ਰਕਿਰਿਆ ਵਿਚ ਵਧੇਰੇ ਤਰਜੀਹ ਦਿੱਤੀ ਗਈ, ਜਿਸ ਦਾ ਉਦੇਸ਼ ਅਮਰੀਕੀ ਅਰਥਵਿਵਸਥਾ ਲਈ ਸਭ ਤੋਂ ਵੱਧ ਹੁਨਰਮੰਦ ਅਤੇ ਲੋੜੀਂਦੇ ਵਿਦੇਸ਼ੀ ਪੇਸ਼ੇਵਰਾਂ ਨੂੰ ਆਕਰਸ਼ਿਤ ਕਰਨਾ ਹੈ। ਇਸ ਫੈਸਲੇ ਦਾ ਸਭ ਤੋਂ ਵੱਧ ਅਸਰ ਭਾਰਤ ਸਮੇਤ ਉਨ੍ਹਾਂ ਦੇਸ਼ਾਂ ਦੇ ਹਜ਼ਾਰਾਂ ਆਈ.ਟੀ. ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ, ਡਾਟਾ ਸਾਇੰਟਿਸਟਾਂ ਅਤੇ ਹੋਰ ਪੇਸ਼ੇਵਰਾਂ 'ਤੇ ਪਵੇਗਾ, ਜੋ ਐੱਚ-1ਬੀ ਵੀਜ਼ੇ ਰਾਹੀਂ ਅਮਰੀਕਾ ਵਿਚ ਨੌਕਰੀ ਕਰਨ ਦੀ ਉਡੀਕ ਕਰ ਰਹੇ ਸਨ। ਹੁਣ ਜਿਨ੍ਹਾਂ ਦੀ ਚੋਣ ਨਹੀਂ ਹੋਈ, ਉਨ੍ਹਾਂ ਨੂੰ ਅਗਲੇ ਐੱਚ-1ਬੀ ਸੀਜ਼ਨ ਦੀ ਉਡੀਕ ਕਰਨੀ ਪਵੇਗੀ ਜਾਂ ਹੋਰ ਇਮੀਗ੍ਰੇਸ਼ਨ ਵਿਕਲਪਾਂ 'ਤੇ ਵਿਚਾਰ ਕਰਨਾ ਪਵੇਗਾ।

# ਟਰੰਪ ਵੱਲੋਂ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ ਦੀ ਥਾਂ ਅਮਰੀਕੀ ਸਾਬਕਾ ਸੈਨਿਕਾਂ ਨੂੰ ਲਿਆਉਣ ਦਾ ਐਲਾਨ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਟਰੱਕ ਡਰਾਈਵਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਅਤੇ ਉਨ੍ਹਾਂ ਦੀ ਥਾਂ ਅਮਰੀਕੀ ਫ਼ੌਜ ਦੇ ਸਾਬਕਾ ਸੈਨਿਕਾਂ ਨੂੰ ਟਰੱਕਿੰਗ ਦੀਆਂ ਨੌਕਰੀਆਂ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਫ਼ੌਜ ਵਿਚ ਭਾਰੀ ਵਾਹਨ ਚਲਾ ਚੁੱਕੇ ਸੈਨਿਕਾਂ ਲਈ ਸੀ.ਡੀ.ਐੱਲ. ਹਾਸਲ ਕਰਨ ਦੀ ਪ੍ਰਕਿਰਿਆ ਆਸਾਨ ਬਣਾਈ ਜਾਵੇਗੀ। ਹਾਲਾਂਕਿ ਇਸ ਸਬੰਧੀ ਵਿਸਥਾਰਤ ਨਿਯਮ ਅਜੇ ਜਾਰੀ ਨਹੀਂ ਕੀਤੇ ਗਏ। ਟਰੰਪ ਨੇ ਇਹ ਐਲਾਨ ਪੈਨਸਿਲਵੇਨੀਆ ਵਿਚ ਹੋਏ ਇਕ ਸਮਾਗਮ ਦੌਰਾਨ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਕੁਝ ਗੈਰ-ਕਾਨੂੰਨੀ ਡਰਾਈਵਰ ਅੰਗਰੇਜ਼ੀ ਵਿਚ ਲਿਖੇ ਸੜਕ ਸੰਕੇਤ ਨਹੀਂ ਪੜ੍ਹ ਸਕਦੇ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਨਹੀਂ ਕਰਦੇ, ਪਰ ਇਸ ਬਾਰੇ ਕੋਈ ਅਧਿਕਾਰਤ ਅੰਕੜੇ ਪੇਸ਼ ਨਹੀਂ ਕੀਤੇ।

ਇਸ ਐਲਾਨ ਤੋਂ ਬਾਅਦ "ਡੇਢ ਲੱਖ ਭਾਰਤੀ ਜਾਂ ਸਿੱਖ ਟਰੱਕਰ ਪ੍ਰਭਾਵਿਤ ਹੋਣ" ਦੀਆਂ ਚਰਚਾਵਾਂ ਤੇਜ਼ ਹੋ ਗਈਆਂ ਹਨ। ਹਾਲਾਂਕਿ ਇਹ ਗਿਣਤੀ ਟਰੱਕਿੰਗ ਕਾਰੋਬਾਰ ਨਾਲ ਜੁੜੇ ਸਮੁੱਚੇ ਪੰਜਾਬੀ-ਸਿੱਖ ਭਾਈਚਾਰੇ ਦੀ ਹੈ, ਨਾ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦਰਜੇ ਵਾਲੇ ਡਰਾਈਵਰਾਂ ਦੀ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਕੰਮ ਕਰ ਰਹੇ ਜ਼ਿਆਦਾਤਰ ਪੰਜਾਬੀ ਟਰੱਕਰ ਅਮਰੀਕੀ ਨਾਗਰਿਕ, ਗ੍ਰੀਨ ਕਾਰਡ ਧਾਰਕ ਜਾਂ ਕਾਨੂੰਨੀ ਵਰਕ ਪਰਮਿਟ ਵਾਲੇ ਹਨ। ਇਸ ਲਈ ਉਨ੍ਹਾਂ ਦੀਆਂ ਨੌਕਰੀਆਂ ਉੱਤੇ ਸਿੱਧਾ ਅਸਰ ਨਹੀਂ ਪਵੇਗਾ। ਪ੍ਰਭਾਵ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ ਉੱਤੇ ਪੈ ਸਕਦਾ ਹੈ, ਜਿਨ੍ਹਾਂ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਜਾਂ ਵੈਧ ਕੰਮ ਦੀ ਮਨਜ਼ੂਰੀ ਨਹੀਂ ਹੈ। ਇਸ ਦੇ ਨਾਲ ਹੀ ਟਰੰਪ ਪ੍ਰਸ਼ਾਸਨ ਗੈਰ-ਰਿਹਾਇਸ਼ੀ ਸੀ.ਡੀ.ਐੱਲ, ਇਮੀਗ੍ਰੇਸ਼ਨ ਦਸਤਾਵੇਜ਼ਾਂ ਅਤੇ ਅੰਗਰੇਜ਼ੀ ਯੋਗਤਾ ਦੀ ਜਾਂਚ ਵੀ ਸਖ਼ਤ ਕਰ ਰਿਹਾ ਹੈ। ਕਿਉਂਕਿ ਪੰਜਾਬੀ ਭਾਈਚਾਰੇ ਦੀ ਅਮਰੀਕੀ ਟਰੱਕਿੰਗ ਉਦਯੋਗ ਵਿਚ ਵੱਡੀ ਭੂਮਿਕਾ ਹੈ, ਇਸ ਲਈ ਕਿਸੇ ਵੀ ਨਵੇਂ ਨਿਯਮ ਦਾ ਅਸਰ ਇਸ ਕਾਰੋਬਾਰ ਨਾਲ ਜੁੜੇ ਲੋਕਾਂ ਉੱਤੇ ਪੈ ਸਕਦਾ ਹੈ। ਫਿਲਹਾਲ ਇਹ ਇਕ ਨੀਤੀਗਤ ਪ੍ਰਸਤਾਵ ਹੈ, ਅੰਤਿਮ ਸਰਕਾਰੀ ਹੁਕਮ ਨਹੀਂ।



Space available for Ad
Contact # +1 (209) 303-1260
Contact # +91 81463-20009





## ਕਈ ਵੀਰਾਂ ਦੇ **LICENSE CANCEL** ਹੋ ਰਹੇ ਹਨ ਤੇ ਹੁਣ ਉਹ ਆਪਣਾ ਟਰੱਕ ਵੀ ਨਹੀਂ ਚਲਾ ਸਕਦੇ।


## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ


**ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ**

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

**ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :**


Green Card Case ਨੂੰ ਜਲਦੀ ਹੱਲ ਕਰਨ ਵਿੱਚ


CDL ਅਤੇ ਕੰਮ ਨੂੰ ਬਚਾਉਣ ਲਈ Legal Guidance


Deportation ਜਾਂ Immigration Detention Cases ਵਿੱਚ Legal Advice


Appeals ਅਤੇ Immigration Process ਵਿੱਚ ਸਹਾਇਤਾ


Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ


ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GLG GHUMAN LAW GROUP

**GHUMAN LAW GROUP INC.**
Criminal Defense, Family and Immigration Law

**Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ**

## ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਡੋਨਾਲਡ ਟਰੰਪ ਦੀ ਲੋਕਪ੍ਰਿਯਤਾ ਘਟਣ ਦੇ ਬਾਵਜੂਦ ਕਾਂਗਰਸ ਚੋਣਾਂ ਵਿੱਚ ਸਖ਼ਤ ਮੁਕਾਬਲਾ

ਕਾਇਰੋ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਨਜ਼ੂਰੀ ਦਰ ਕਾਫ਼ੀ ਹੇਠਾਂ ਆਉਣ ਦੇ ਬਾਵਜੂਦ ਨਵੰਬਰ ਵਿਚ ਹੋਣ ਵਾਲੀਆਂ ਮੱਧਕਾਲੀ ਕਾਂਗਰਸੀ ਚੋਣਾਂ ਵਿਚ ਡੈਮੋਕ੍ਰੇਟਿਕ ਅਤੇ ਰਿਪਬਲਿਕਨ ਪਾਰਟੀ ਵਿਚਾਲੇ ਮੁਕਾਬਲਾ ਬਹੁਤ ਕਰੀਬ ਬਣਿਆ ਹੋਇਆ ਹੈ। ਵਾਸ਼ਿੰਗਟਨ ਪੋਸਟ ਅਤੇ ਇਪਸੋਸ ਵੱਲੋਂ 8 ਤੋਂ 13 ਜੁਲਾਈ ਦੌਰਾਨ ਕਰਵਾਏ ਗਏ ਸਰਵੇਖਣ ਅਨੁਸਾਰ ਡੈਮੋਕ੍ਰੇਟਿਕ ਪਾਰਟੀ ਨੂੰ 48 ਫ਼ੀਸਦੀ ਅਤੇ ਰਿਪਬਲਿਕਨ ਪਾਰਟੀ ਨੂੰ 45 ਫ਼ੀਸਦੀ ਸਮਰਥਨ ਮਿਲਿਆ ਹੈ।

ਸਰਵੇਖਣ ਵਿਚ ਡੈਮੋਕ੍ਰੇਟਿਕ ਪਾਰਟੀ ਨੂੰ ਭਾਵੇਂ ਸਿਰਫ਼ ਤਿੰਨ ਅੰਕਾਂ ਦੀ ਬੜ੍ਹਤ ਮਿਲੀ ਹੈ, ਪਰ ਵੋਟ ਪਾਉਣ ਲਈ ਪੂਰੀ ਤਰ੍ਹਾਂ ਦ੍ਰਿੜ੍ਹ ਵੋਟਰਾਂ ਵਿਚ ਇਹ ਫ਼ਰਕ ਵਧ ਕੇ ਅੱਠ ਅੰਕ ਹੋ ਜਾਂਦਾ ਹੈ। ਅਜਿਹੇ ਵੋਟਰਾਂ ਵਿਚ 53 ਫ਼ੀਸਦੀ ਨੇ ਡੈਮੋਕ੍ਰੇਟਿਕ ਅਤੇ 45 ਫ਼ੀਸਦੀ ਨੇ ਰਿਪਬਲਿਕਨ ਉਮੀਦਵਾਰਾਂ ਦਾ ਸਮਰਥਨ ਕਰਨ ਦੀ ਗੱਲ ਕਹੀ ਹੈ। ਰਿਪੋਰਟ ਅਨੁਸਾਰ ਡੈਮੋਕ੍ਰੇਟਿਕ ਸਮਰਥਕ ਰਿਪਬਲਿਕਨ ਸਮਰਥਕਾਂ ਦੇ ਮੁਕਾਬਲੇ ਚੋਣਾਂ ਵਿਚ ਵੋਟ ਪਾਉਣ ਲਈ ਵਧੇਰੇ ਉਤਸ਼ਾਹਿਤ ਦਿਖਾਈ ਦੇ ਰਹੇ ਹਨ।



ਇਸੇ ਸਰਵੇਖਣ ਵਿਚ ਰਾਸ਼ਟਰਪਤੀ ਟਰੰਪ ਦੀ ਕੁੱਲ ਮਨਜ਼ੂਰੀ ਦਰ 37 ਫ਼ੀਸਦੀ ਦਰਜ ਕੀਤੀ ਗਈ ਹੈ। ਅਰਥਵਿਵਸਥਾ ਨਾਲ ਜੁੜੀਆਂ ਚਿੰਤਾਵਾਂ ਅਤੇ ਇਰਾਨ ਯੁੱਧ ਕਾਰਨ ਟਰੰਪ ਪ੍ਰਸ਼ਾਸਨ ਦੀ ਲੋਕਪ੍ਰਿਯਤਾ ਉੱਤੇ ਅਸਰ ਪਿਆ ਦੱਸਿਆ ਜਾ ਰਿਹਾ ਹੈ। ਇਕ ਹੋਰ ਇਕਨਾਮਿਸਟ ਅਤੇ ਯੂਗੋਵ ਸਰਵੇਖਣ ਵਿਚ ਵੀ ਟਰੰਪ ਦੀ ਮਨਜ਼ੂਰੀ ਦਰ 37 ਫ਼ੀਸਦੀ ਹੀ ਦਰਜ ਕੀਤੀ ਗਈ ਹੈ।

ਸਾਲ 2018 ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਨੂੰ ਕਾਂਗਰਸ ਲਈ ਰਿਪਬਲਿਕਨ ਪਾਰਟੀ ਉੱਤੇ 10 ਅੰਕਾਂ ਦੀ ਬੜ੍ਹਤ ਮਿਲੀ ਸੀ ਅਤੇ ਉਸ ਚੋਣ ਵਿਚ ਡੈਮੋਕ੍ਰੇਟਸ ਨੇ ਪ੍ਰਤੀਨਿਧੀ ਸਭਾ ਦੀਆਂ 40 ਸੀਟਾਂ ਜਿੱਤੀਆਂ ਸਨ। ਮੌਜੂਦਾ ਸਰਵੇਖਣ ਵਿਚ ਡੈਮੋਕ੍ਰੇਟਿਕ ਪਾਰਟੀ ਦੀ ਬੜ੍ਹਤ ਘੱਟ ਹੈ, ਜਿਸ ਕਾਰਨ ਕਾਂਗਰਸ ਉੱਤੇ ਕਾਬਜ਼ ਹੋਣ ਦੀ ਲੜਾਈ ਅਜੇ ਵੀ ਅਨਿਸ਼ਚਿਤ ਮੰਨੀ ਜਾ ਰਹੀ ਹੈ।

ਇਸ ਵੇਲੇ ਪ੍ਰਤੀਨਿਧੀ ਸਭਾ ਵਿਚ ਰਿਪਬਲਿਕਨ ਪਾਰਟੀ ਕੋਲ ਬਹੁਤ ਹੀ ਥੋੜ੍ਹਾ ਬਹੁਮਤ ਹੈ ਅਤੇ ਸਪੀਕਰ ਮਾਈਕ ਜੌਨਸਨ ਕੋਲ ਸਿਰਫ਼ ਦੋ ਵੋਟਾਂ ਦਾ ਫ਼ਰਕ ਦੱਸਿਆ ਗਿਆ ਹੈ। ਸੈਨੇਟ ਵਿਚ ਵੀ ਰਿਪਬਲਿਕਨ ਪਾਰਟੀ ਕੋਲ 53 ਦੇ ਮੁਕਾਬਲੇ 47 ਸੀਟਾਂ ਦੀ ਬੜ੍ਹਤ ਹੈ।

ਸਿਆਸੀ ਹਲਕਿਆਂ ਦਾ ਮੰਨਣਾ ਹੈ ਕਿ ਵੋਟਰਾਂ ਦੀ ਹਾਜ਼ਰੀ, ਹਲਕਿਆਂ ਦੀ ਮੁੜ ਹੱਦਬੰਦੀ ਅਤੇ ਰਾਸ਼ਟਰਪਤੀ ਟਰੰਪ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਦੀ ਰਾਇ ਨਵੰਬਰ ਦੀਆਂ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

# ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਇਮੀਗ੍ਰੇਸ਼ਨ ਨੀਤੀਆਂ ਅਮਰੀਕੀ ਸੁਪਰੀਮ ਕੋਰਟ 'ਚ ਕਾਨੂੰਨੀ ਚੁਣੌਤੀਆਂ ਦਾ ਕਰ ਰਹੀਆਂ ਨੇ ਸਾਹਮਣਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀਆਂ ਅਤੇ ਪ੍ਰਸਤਾਵਿਤ ਕਈ ਇਮੀਗ੍ਰੇਸ਼ਨ ਨੀਤੀਆਂ ਇਸ ਸਮੇਂ ਫੈਡਰਲ ਅਦਾਲਤਾਂ ਅਤੇ ਅਮਰੀਕੀ ਸੁਪਰੀਮ ਕੋਰਟ 'ਚ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਕਰ ਰਹੀਆਂ ਹਨ। ਇਨ੍ਹਾਂ ਕੇਸਾਂ ਦੇ ਫੈਸਲੇ ਆਉਣ ਵਾਲੇ ਮਹੀਨਿਆਂ ਵਿਚ ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ, ਲੱਖਾਂ ਪ੍ਰਵਾਸੀਆਂ ਅਤੇ ਵੀਜ਼ਾ ਧਾਰਕਾਂ 'ਤੇ ਡੂੰਘਾ ਅਸਰ ਪਾ ਸਕਦੇ ਹਨ।

ਸਭ ਤੋਂ ਮਹੱਤਵਪੂਰਨ ਮਾਮਲਿਆਂ ਵਿਚ ਟੈਂਪਰੇਰੀ ਪ੍ਰੋਟੈਕਟਡ ਸਟੇਟਸ (ਟੀ.ਪੀ.ਐਸ.) ਨਾਲ ਸਬੰਧਤ ਕੇਸ ਸ਼ਾਮਲ ਹੈ। ਟਰੰਪ ਪ੍ਰਸ਼ਾਸਨ ਵੱਲੋਂ ਕੁਝ ਦੇਸ਼ਾਂ ਦੇ ਨਾਗਰਿਕਾਂ ਲਈ ਟੀ.ਪੀ.ਐੱਸ. ਸੁਰੱਖਿਆ ਖਤਮ ਕਰਨ ਦੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਸੀਰੀਆ ਅਤੇ ਹੈਤੀ ਸਮੇਤ ਕਈ ਦੇਸ਼ਾਂ ਦੇ ਟੀ.ਪੀ.ਐੱਸ. ਲਾਭਪਾਤਰੀਆਂ ਦੇ ਭਵਿੱਖ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਕਾਨੂੰਨੀ ਕਾਰਵਾਈ ਜਾਰੀ ਹੈ।

ਇਸੇ ਤਰ੍ਹਾਂ, ਬਾਇਡਨ ਪ੍ਰਸ਼ਾਸਨ ਦੌਰਾਨ ਸੀ.ਬੀ.ਪੀ. ਵਨ ਮੋਬਾਈਲ ਐਪ ਰਾਹੀਂ ਅਮਰੀਕਾ ਵਿਚ ਦਾਖਲ ਹੋਏ ਪ੍ਰਵਾਸੀਆਂ ਦੇ ਕਾਨੂੰਨੀ ਦਰਜੇ ਨੂੰ ਰੱਦ ਕਰਨ ਦੇ ਫੈਸਲੇ ਖ਼ਿਲਾਫ਼ ਵੀ ਫੈਡਰਲ ਅਦਾਲਤਾਂ ਵਿਚ ਕੇਸ ਚੱਲ ਰਹੇ ਹਨ। ਹਾਲ ਹੀ ਵਿਚ ਇੱਕ



ਫੈਡਰਲ ਜੱਜ ਨੇ ਸਰਕਾਰ ਨੂੰ ਨਵੇਂ ਨੋਟਿਸ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਹੈ, ਪਰ ਮਾਮਲੇ ਦਾ ਅੰਤਿਮ ਫੈਸਲਾ ਅਜੇ ਨਹੀਂ ਆਇਆ।

ਟਰੰਪ ਪ੍ਰਸ਼ਾਸਨ ਦੇ ਜਨਮ ਤੋਂ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਨੂੰ ਸੀਮਤ ਕਰਨ ਵਾਲੇ ਕਾਰਜਕਾਰੀ ਹੁਕਮ ਨੂੰ ਵੀ ਕਈ ਰਾਜਾਂ ਅਤੇ ਨਾਗਰਿਕ ਅਧਿਕਾਰ ਸੰਸਥਾਵਾਂ ਵੱਲੋਂ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੀ ਅਗਲੀ ਸੁਣਵਾਈ ਦੀ ਉਡੀਕ ਕੀਤੀ ਜਾ ਰਹੀ ਹੈ।

ਦੂਜੇ ਪਾਸੇ, ਆਈਸ ਵੱਲੋਂ ਬਿਨਾਂ ਬਾਂਡ ਹਿਰਾਸਤ ਵਿਚ ਰੱਖਣ ਅਤੇ ਹੋਰ ਡਿਟੈਨਸ਼ਨ ਨੀਤੀਆਂ ਨੂੰ ਲੈ ਕੇ ਵੱਖ-ਵੱਖ ਫੈਡਰਲ ਅਪੀਲੀ ਅਦਾਲਤਾਂ ਦੇ ਵੱਖਰੇ ਫੈਸਲੇ ਸਾਹਮਣੇ ਆਏ ਹਨ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਵਿਚੋਂ ਕੁਝ ਮਾਮਲੇ ਆਖ਼ਰਕਾਰ ਸੁਪਰੀਮ ਕੋਰਟ ਤੱਕ ਪਹੁੰਚ ਸਕਦੇ ਹਨ। ਇਸ ਦੌਰਾਨ ਟਰੰਪ ਪ੍ਰਸ਼ਾਸਨ ਨੇ ਪਹਿਲੀ ਵਾਰ ਏਲੀਅਨ ਟੇਰੇਰਿਸਟ ਰਿਮੂਵਲ ਕੋਰਟ ਨਾਮਕ ਵਿਸ਼ੇਸ਼ ਅਦਾਲਤ ਵਿਚ ਇੱਕ ਡਿਪੋਰਟੇਸ਼ਨ ਕੇਸ ਵੀ ਦਾਇਰ ਕੀਤਾ ਹੈ। ਇਹ ਅਦਾਲਤ ਬਹੁਤ ਘੱਟ ਮਾਮਲਿਆਂ ਵਿਚ ਵਰਤੀ ਜਾਂਦੀ ਹੈ। ਅਦਾਲਤ ਨੇ ਸਰਕਾਰ ਤੋਂ ਹੋਰ ਕਾਨੂੰਨੀ ਸਬੂਤ ਅਤੇ ਦਲੀਲਾਂ ਪੇਸ਼ ਕਰਨ ਲਈ ਕਿਹਾ ਹੈ ਅਤੇ ਮਾਮਲੇ ਦੀ ਸੁਣਵਾਈ ਜਾਰੀ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸਾਰੇ ਕੇਸਾਂ ਦੇ ਅੰਤਿਮ ਫੈਸਲੇ ਨਾ ਸਿਰਫ਼ ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਦੀ ਦਿਸ਼ਾ ਤੈਅ ਕਰਨਗੇ, ਸਗੋਂ ਲੱਖਾਂ ਪ੍ਰਵਾਸੀਆਂ, ਵਿਦਿਆਰਥੀਆਂ, ਸ਼ਰਨਾਰਥੀਆਂ ਅਤੇ ਗ੍ਰੀਨ ਕਾਰਡ ਬਿਨੈਕਾਰਾਂ ਦੇ ਭਵਿੱਖ 'ਤੇ ਵੀ ਸਿੱਧਾ ਪ੍ਰਭਾਵ ਪਾਉਣਗੇ।

# ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਊਸ਼ਾ ਵੈਂਸ ਦੇ ਘਰ ਚੌਥੇ ਬੱਚੇ ਦਾ ਜਨਮ

## 150 ਸਾਲ ਤੋਂ ਵੱਧ ਸਮੇਂ ਬਾਅਦ ਬਣਿਆ ਇਤਿਹਾਸ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਅਤੇ ਉਨ੍ਹਾਂ ਦੀ ਪਤਨੀ, ਸੈਕਿੰਡ ਲੇਡੀ ਊਸ਼ਾ ਵੈਂਸ ਨੇ ਐਤਵਾਰ ਨੂੰ ਆਪਣੇ ਚੌਥੇ ਬੱਚੇ ਦੇ ਜਨਮ ਦਾ ਐਲਾਨ ਕੀਤਾ। ਬੱਚੇ ਦਾ ਨਾਮ ਐਲੈਕ ਨੀਲ ਵੈਂਸ ਰੱਖਿਆ ਗਿਆ ਹੈ। ਇਹ 150 ਸਾਲ ਤੋਂ ਵੱਧ ਸਮੇਂ ਵਿਚ ਪਹਿਲਾ ਮੌਕਾ ਹੈ, ਜਦੋਂ ਅਹੁਦੇ ਉੱਤੇ ਰਹਿੰਦੇ ਕਿਸੇ ਅਮਰੀਕੀ ਉਪ ਰਾਸ਼ਟਰਪਤੀ ਦੇ ਘਰ ਬੱਚੇ ਦਾ ਜਨਮ ਹੋਇਆ ਹੈ। ਇਸ ਤੋਂ ਪਹਿਲਾਂ ਅਜਿਹਾ ਮਾਮਲਾ ਸਾਲ 1870 ਵਿਚ ਸਾਹਮਣੇ ਆਇਆ ਸੀ। ਜੇਡੀ ਵੈਂਸ ਅਤੇ ਊਸ਼ਾ ਵੈਂਸ ਨੇ ਸੋਸ਼ਲ ਮੀਡੀਆ ਉੱਤੇ ਜਾਰੀ ਸਾਂਝੇ ਬਿਆਨ ਵਿਚ ਕਿਹਾ ਕਿ ਉਨ੍ਹਾਂ ਦਾ ਪੁੱਤਰ ਐਤਵਾਰ ਸਵੇਰੇ ਪੈਦਾ ਹੋਇਆ ਅਤੇ ਮਾਂ ਤੇ ਬੱਚਾ ਦੋਵੇਂ ਤੰਦਰੁਸਤ ਹਨ। ਉਨ੍ਹਾਂ ਦੱਸਿਆ ਕਿ ਪਰਿਵਾਰ ਦੇ ਤਿੰਨ ਵੱਡੇ ਬੱਚੇ ਈਵਨ, ਵਿਵੇਕ ਅਤੇ ਮਿਰਾਬੇਲ ਆਪਣੇ ਛੋਟੇ ਭਰਾ ਦੇ ਆਉਣ ਨਾਲ ਬਹੁਤ ਖੁਸ਼ ਹਨ। ਵੈਂਸ ਪਰਿਵਾਰ ਨੇ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਦੇ ਡਾਕਟਰਾਂ, ਨਰਸਾਂ ਅਤੇ ਵ੍ਹਾਈਟ ਹਾਊਸ ਦੀ ਮੈਡੀਕਲ ਟੀਮ ਦਾ ਧੰਨਵਾਦ ਵੀ ਕੀਤਾ। ਐਲੈਕ ਨੀਲ ਵੈਂਸ ਹੁਣ ਨੌਂ ਸਾਲਾ ਈਵਨ, ਛੇ ਸਾਲਾ ਵਿਵੇਕ ਅਤੇ ਚਾਰ ਸਾਲਾ ਮਿਰਾਬੇਲ ਦਾ ਛੋਟਾ ਭਰਾ ਹੈ। ਭਾਰਤੀ ਪ੍ਰਵਾਸੀ ਪਰਿਵਾਰ ਨਾਲ ਸਬੰਧਤ ਊਸ਼ਾ ਵੈਂਸ ਦੀ ਗਰਭਾਵਸਥਾ ਦਾ ਐਲਾਨ ਇਸ ਸਾਲ ਜਨਵਰੀ ਵਿਚ ਕੀਤਾ ਗਿਆ ਸੀ। ਅਹੁਦੇ ਉੱਤੇ ਰਹਿੰਦੇ ਉਪ ਰਾਸ਼ਟਰਪਤੀ ਦੇ ਪਰਿਵਾਰ ਵਿਚ ਬੱਚੇ ਦਾ ਜਨਮ ਬਹੁਤ ਹੀ ਦੁਰਲੱਭ ਘਟਨਾ ਹੈ, ਜਿਸ ਕਰਕੇ ਇਸ ਖ਼ਬਰ ਨੇ ਅਮਰੀਕੀ ਮੀਡੀਆ ਅਤੇ ਜਨਤਾ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। 41 ਸਾਲਾ ਜੇਡੀ ਵੈਂਸ ਅਮਰੀਕੀ ਮਰੀਨ ਕੋਰ ਦੇ ਸਾਬਕਾ ਸੈਨਿਕ ਹਨ ਅਤੇ ਲੰਬੇ ਸਮੇਂ ਤੋਂ ਅਮਰੀਕਾ ਵਿਚ ਘਟ ਰਹੀ ਜਨਮ ਦਰ ਬਾਰੇ ਚਿੰਤਾ ਪ੍ਰਗਟ ਕਰਦੇ ਆ ਰਹੇ ਹਨ। ਉਨ੍ਹਾਂ ਨੇ ਕਈ ਜਨਤਕ ਮੰਚਾਂ ਉੱਤੇ ਅਮਰੀਕੀ ਪਰਿਵਾਰਾਂ ਨੂੰ ਵੱਧ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਵਾਲੀਆਂ ਸਰਕਾਰੀ ਨੀਤੀਆਂ ਦੀ ਹਮਾਇਤ ਕੀਤੀ ਹੈ। 40 ਸਾਲਾ ਊਸ਼ਾ ਵੈਂਸ ਭਾਰਤੀ ਮੂਲ ਦੇ ਮਾਪਿਆਂ ਦੀ ਧੀ ਹਨ। ਉਹ ਆਪਣੇ ਪਤੀ ਅਤੇ ਬੱਚਿਆਂ ਨਾਲ ਕਈ ਸਰਕਾਰੀ ਅਤੇ ਵਿਦੇਸ਼ੀ ਦੌਰਿਆਂ ਦੌਰਾਨ ਵੀ ਨਜ਼ਰ ਆ ਚੁੱਕੇ ਹਨ। ਇਹ ਜਨਮ ਅਮਰੀਕੀ ਉਪ ਰਾਸ਼ਟਰਪਤੀ ਦੇ ਅਹੁਦੇ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਘਟਨਾ ਵਜੋਂ ਦਰਜ ਹੋ ਗਿਆ ਹੈ।




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਵਿਸ਼ਵ ਪੰਜਾਬੀ ਸਭਾ ਬਰੈਂਪਟਨ ਕਨੇਡਾ ਦੀ ਐਡਮਿੰਟਨ ਇਕਾਈ ਦੀ ਚੋਣ ਅਤੇ ਕਵੀ ਦਰਬਾਰ

ਬਰੈਂਪਟਨ
ਬਲਵਿੰਦਰ ਬਾਲਮ

ਐਡਮਿੰਟਨ (ਕਨੇਡਾ) ਦੀ ਖ਼ੂਬਸੂਰਤ ਐਡਮਿੰਟਨ ਪਬਲਿਕ ਲਾਇਬਰੇਰੀ 17 ਸਟਰੀਟ ਮੈਡੋਜ ਵਿਖੇ ਵਿਸ਼ਵ ਪੰਜਾਬੀ ਸਭਾ ਬਰੈਂਮਟਨ (ਕਨੇਡਾ) ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੇ ਨਿੱਘੇ ਸਹਿਯੋਗ ਸਦਕਾ ਵਿਸ਼ਵ ਪੰਜਾਬੀ ਸਭਾ ਐਡਮਿੰਟਨ ਇਕਾਈ ਦਾ ਗਠਨ ਕੀਤਾ ਗਿਆ। ਇਸ ਸਭਾ ਦੀ ਸਰਬ ਸੰਮਤੀ ਨਾਲ ਚੋਣ ਕੀਤੀ ਗਈ ਜਿਸ ਵਿੱਚ ਬਲਵਿੰਦਰ ਸਿੰਘ ਬਾਲਮ ਨੂੰ ਸਰਪਰੱਸਤ, ਦਲਬੀਰ ਸਿੰਘ ਰਿਆੜ ਨੂੰ ਪ੍ਰਧਾਨ, ਅੰਮ੍ਰਿਤ ਪਾਲ ਸਿੰਘ ਨੂੰ ਜਨਰਲ ਸਕੱਤਰ, ਸੁਰਜੀਤ ਕੌਰ ਧਾਲੀਵਾਲ ਨੂੰ ਸੀਨੀਅਰ ਮੀਤ ਪ੍ਰਧਾਨ, ਦਲਜੀਤ ਕੌਰ ਮੰਡੇਰ ਨੂੰ ਮੀਤ ਪ੍ਰਧਾਨ, ਸਤਨਾਮ ਸਿੰਘ ਗਾਹਲੇ ਨੂੰ ਸਕੱਤਰ, ਤੇਜਿੰਦਰਪਾਲ ਲਾਲੀ ਨੂੰ ਸਕੱਤਰ, ਮੈਨੇਜਰ ਨਰਿੰਦਰ ਸਿੰਘ ਨੂੰ ਖਜ਼ਾਨਚੀ ਚੁਣਿਆਂ ਗਿਆ। ਸਲਾਹਕਾਰਾਂ ਵਿੱਚ ਅਰਸ਼ਦੀਪ ਕੌਰ ਬਰਾੜ, ਗੁਰਜੀਤ ਕੌਰ ਬਰਾੜ, ਬਲਬੀਰ ਕੌਰ ਚੀਮਾ ਦੀ ਚੋਣ ਕੀਤੀ ਗਈ। ਸਭਾ ਦੇ ਸਰਪ੍ਰਸਤ ਬਲਵਿੰਦਰ ਬਾਲਮ ਅਤੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕਨੇਡਾ ਵਰਗੇ ਦੇਸ਼ ਵਿੱਚ ਰਹਿ ਕੇ ਪੰਜਾਬੀ ਤੇ ਪੰਜਾਬੀਅਤ ਦੀ ਸਾਹਿਤ ਸੱਭਿਆਚਾਰ ਦੇ ਰੂਪ ਵਿੱਚ ਸੇਵਾਵਾਂ ਦੇਣਾ ਇੱਕ ਸ਼ੁਭ ਸ਼ਗਨ ਹੈ। ਆਪਣੇ ਬੱਚਿਆਂ ਨੂੰ, ਨੌਜਵਾਨ ਪੀੜੀ ਨੂੰ ਆਪਣੀ ਮਾਂ ਬੋਲੀ, ਸਾਹਿਤ ਅਤੇ ਹੋਰ ਖੇਡ ਕਿਰਿਆਵਾਂ, ਮੇਲਿਆਂ ਰਾਹੀਂ ਜੋੜੀ ਰੱਖਣਾ ਹੀ ਸਹੀ ਮਾਇਨਿਆਂ ਵਿੱਚ ਪੰਜਾਬੀ ਮਾਂ ਬੋਲੀ ਦੀ ਸਿਰਜਨਾਤਮਕ ਸੇਵਾ ਹੈ।

ਮਾਂ ਬੋਲੀ ਨੂੰ ਜਿੰਦਾ ਰੱਖਣ ਦਾ ਇੱਕ ਅਨੁਪ੍ਰਾਣਿਤ ਅਤੇ ਪ੍ਰੋਤਸਾਹਿਤ ਉਪਰਾਲਾ ਹੈ। ਕੌਮਾਂ ਆਪਣੇ ਸੱਭਿਆਚਾਰ ਕਰਕੇ ਹੀ ਜੀਵਤ ਰਹਿੰਦੀਆਂ ਹਨ ਇਹ ਪੰਜਾਬੀ ਸਭਾ ਵੀ ਮਾਂ ਬੋਲੀ ਅਤੇ ਸੱਭਿਆਚਾਰ ਕਿਰਿਆਵਾਂ ਰਾਹੀਂ ਵਡਮੁੱਲਾ ਯੋਗਦਾਨ ਪਾਉਂਦੀ ਰਹੇਗੀ। ਉਹਨਾਂ ਕਿਹਾ ਕਿ ਸਮਾਜ ਵਿੱਚ ਅੱਜ ਨਾਰੀ ਨੇ ਸੁੰਦਰਤਾ ਤੇ ਸਵਰੂਪ ਦੀ ਪਰਿਭਾਸ਼ਾ ਬਦਲ ਦਿੱਤੀ ਹੈ। ਜਵਾਨੀ ਹੋਵੇ ਜਾਂ ਬੁਢਾਪਾ, ਦੁੱਖ ਹੋਵੇ ਜਾਂ ਸੁੱਖ, ਏਕਤਾ ਹੋਵੇ ਜਾਂ ਸਮੂਹ ਜੀਵਨ ਦੇ ਹਰ ਮੋੜ ਤੇ ਸਹਿਤ ਮਾਨਵ ਨੂੰ ਅਨੁਪਰਾਣਿਤ ਅਤੇ ਪ੍ਰੋਤਸਾਹਿਤ ਕਰਦਾ ਹੈ। ਅਧਿਆਤਮਕ ਜੀਵਨ ਤਾਂ ਸਾਹਿਤ ਦਾ ਬਹੁਤ ਹੀ ਸਬੱਲ ਰੂਪ ਹੈ। ਇਸ ਇਕੱਤਰਤਾ ਦੌਰਾਨ ਹਾਜ਼ਰ ਕਵੀਆਂ ਤੇ ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਸੱਭਿਆਚਾਰ ਤੇ ਮਾਂ ਬੋਲੀ ਦਾ ਸੰਦੇਸ਼ ਦਿੱਤਾ। ਇਸੇ ਇਕੱਤਰਤਾ ਵਿੱਚ ਲੇਖਕਾਂ, ਕਵੀਆਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਸਾਹਿਤ ਪ੍ਰੇਮੀਆਂ ਨੇ ਭਾਰੀ ਸ਼ਮੂਲੀਅਤ ਕੀਤੀ। ਜਿਨਾਂ ਵਿੱਚ ਅਜੀਤ ਸਿੰਘ ਖਾਨਗੁੱਸਾ, ਪਾਰਸ ਮਹੇਦੀਆਂ, ਗੁਰਬਚਨ ਸਿੰਘ ਅਟਵਾਲ, ਅਮਰਜੀਤ ਸਿੰਘ ਸੰਧੂ, ਐਸ ਬਰਾੜ, ਐਮ ਕੇ ਪਰਮਾਰ, ਅਮਰਦੀਪ ਕੌਰ, ਦਲਜੀਤ ਕੌਰ ਮੰਡੇਰ, ਜਸਮੇਲ ਬਾਠ, ਹਰਮੇਸ਼ ਗਿੱਲ, ਬਲਬੀਰ ਕੌਰ ਚੀਮਾ, ਗੁਰਜੀਤ ਬਰਾੜ, ਤਜਿੰਦਰ ਪਾਲ ਸਿੰਘ ਰਿਆੜ, ਜਸਪ੍ਰੀਤ ਕੌਰ,



ਅਮਰੀਕ ਸਿੰਘ, ਪਾਲ ਅਮਰ ਸਿੰਘ, ਨਰਿੰਦਰ ਸਿੰਘ ਚੀਮਾ, ਸੰਤ ਰਾਮ, ਕਮਲਜੀਤ ਸਿੰਘ, ਤਜਿੰਦਰ ਸਿੰਘ, ਗੁਰਦਿਆਲ ਸਿੰਘ ਸੰਘਾ, ਸਿਮਰਨ, ਵਰਿੰਦਰ ਕੌਰ, ਪਲਵਿੰਦਰ ਕੌਰ, ਸਤਨਾਮ ਸਿੰਘ, ਰਾਜਵਿੰਦਰ ਕੌਰ, ਸੁਖਵਿੰਦਰ ਕੌਰ, ਹਰਦੀਪ ਕੌਰ, ਅਰਸ਼ਦੀਪ ਕੌਰ, ਪਰਮਜੀਤ ਕੌਰ, ਸੁਖਦੇਵ ਸਿੰਘ, ਬਖਸ਼ੀਸ਼ ਸਿੰਘ, ਮਨਦੀਪ ਕੌਰ ਅਤੇ ਜਸਪਾਲ ਸਿੰਘ ਨੇ ਸ਼ਿਰਕਤ ਕੀਤੀ। ਅੰਤ ਵਿੱਚ ਆਏ ਹੋਏ ਸਾਰੇ ਲੇਖਕਾਂ, ਵਿਦਵਾਨਾਂ, ਕਵੀਆਂ ਦਾ ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਵੱਲੋਂ ਧੰਨਵਾਦ ਕੀਤਾ ਗਿਆ।

# ਆਸਟ੍ਰੇਲੀਆ 'ਚ ਪੰਜਾਬੀ ਗਾਇਕ ਨੂੰ ਪਿਆ ਦਿਲ ਦਾ ਦੌਰਾ

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ ਵਿੱਚ ਰਹਿੰਦੇ ਪੰਜਾਬੀ ਗਾਇਕ ਕਰਨ ਬਰਾੜ ਨੂੰ ਦਿਲ ਦਾ ਦੌਰਾ ਦੀ ਖ਼ਬਰ ਸਾਹਮਣੇ ਆਈ ਹੈ। ਇਸ ਦੀ ਜਾਣਕਾਰੀ ਉਨ੍ਹਾਂ ਨੇ ਖੁਦ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕਰਕੇ ਦਿੱਤੀ। ਕਰਨ ਬਰਾੜ ਨੇ ਦੱਸਿਆ ਕਿ 19 ਮਈ ਉਨ੍ਹਾਂ ਦੀ ਜ਼ਿੰਦਗੀ ਦਾ ਸਭ ਤੋਂ ਮੁਸ਼ਕਲ ਦਿਨ ਸੀ। ਉਨ੍ਹਾਂ ਨੇ ਲਿਖਿਆ, "19 ਮਈ ਮੇਰੀ ਜ਼ਿੰਦਗੀ ਦਾ ਆਖ਼ਰੀ ਦਿਨ ਹੋ ਸਕਦਾ ਸੀ। ਜੇ ਮੇਰੇ ਦੋਸਤ ਉਸ ਵੇਲੇ ਮੇਰੇ ਨਾਲ ਨਾ ਹੁੰਦੇ ਤਾਂ ਸ਼ਾਇਦ ਮੈਂ ਅੱਜ ਜ਼ਿੰਦਾ ਨਾ ਹੁੰਦਾ।"ਵੀਡੀਓ ਵਿੱਚ ਗਾਇਕ ਨੇ ਦੱਸਿਆ ਕਿ ਐਮਰਜੈਂਸੀ ਵਿੱਚ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਸਮੇਂ ਸਿਰ



ਇਲਾਜ ਕਰਕੇ ਉਨ੍ਹਾਂ ਦੀ ਜਾਨ ਬਚਾਈ। ਉਨ੍ਹਾਂ ਨੇ ਆਪਣੇ ਦੋਸਤਾਂ, ਡਾਕਟਰਾਂ ਅਤੇ ਹਮਦਰਦਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਹੁਣ ਹੌਲੀ-ਹੌਲੀ ਸਿਹਤਯਾਬ ਹੋ ਰਹੇ ਹਨ। ਨਾਲ ਹੀ ਉਨ੍ਹਾਂ ਨੇ ਆਪਣੇ ਪ੍ਰਸ਼ੰਸਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਕਿਸੇ ਵੀ ਲੱਛਣ ਨੂੰ ਨਜ਼ਰਅੰਦਾਜ਼ ਨਾ ਕਰਨ ਦੀ ਅਪੀਲ ਵੀ ਕੀਤੀ। ਰੋਪੜ ਵਿੱਚ ਜਨਮੇ ਅਤੇ ਆਸਟ੍ਰੇਲੀਆ ਵਿੱਚ ਰਹਿੰਦੇ 32 ਸਾਲਾ ਕਰਨਦੀਪ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜਿੰਮ ਜਾਣ ਦੇ ਬਾਵਜੂਦ ਵੀ ਡਾਕਟਰੀ ਜਾਂਚ ਕਰਵਾਉਣ, ਕਿਉਂਕਿ ਪਤਾ ਨਹੀਂ ਕਿ ਕਿਹੜੇ ਵੇਲੇ ਕੀ ਹੋ ਜਾਵੇ।

# ਟਰੰਪ ਨੇ ਕੈਨੇਡਾ 'ਤੇ ਲਾਇਆ 50% ਟੈਰਿਫ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਤੋਂ ਆਯਾਤ ਕੀਤੇ ਜਾਣ ਵਾਲੇ ਕਈ ਉਤਪਾਦਾਂ 'ਤੇ 50 ਫੀਸਦੀ ਨਵਾਂ ਟੈਰਿਫ ਲਗਾਉਣ ਦੇ ਆਦੇਸ਼ ਜਾਰੀ ਕੀਤੇ ਹਨ। ਇਸ ਫੈਸਲੇ ਲਈ ਟਰੰਪ ਪ੍ਰਸ਼ਾਸਨ ਨੇ 1930 ਦੇ ਟੈਰਿਫ ਐਕਟ ਦੀ ਧਾਰਾ 338 ਦੀ ਵਰਤੋਂ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਨੇ ਇਸ ਵਿਵਸਥਾ ਤਹਿਤ ਟੈਰਿਫ ਲਾਗੂ ਕਰਨ ਦਾ ਫੈਸਲਾ ਕੀਤਾ ਹੈ।

ਵ੍ਹਾਈਟ ਹਾਊਸ ਮੁਤਾਬਕ ਇਹ ਨਵਾਂ ਟੈਰਿਫ 30 ਦਿਨਾਂ ਬਾਅਦ ਲਾਗੂ ਹੋਵੇਗਾ। ਹਾਲਾਂਕਿ ਊਰਜਾ, ਪੋਟਾਸ਼ ਅਤੇ ਪਹਿਲਾਂ ਹੀ ਸੈਕਟਰ-ਵਿਸ਼ੇਸ਼ ਟੈਰਿਫ ਦੇ ਦਾਇਰੇ ਵਿੱਚ ਆਉਣ ਵਾਲੇ ਉਤਪਾਦਾਂ ਨੂੰ ਇਸ ਤੋਂ ਬਾਹਰ ਰੱਖਿਆ ਗਿਆ ਹੈ।

ਇਸ ਦੇ ਨਾਲ ਹੀ, USMCA (ਅਮਰੀਕਾ-ਮੈਕਸੀਕੋ-ਕੈਨੇਡਾ ਮੁਕਤ ਵਪਾਰ ਸਮਝੌਤਾ) ਦੇ ਅਧੀਨ ਆਉਣ ਵਾਲੇ ਕਈ ਉਤਪਾਦ ਵੀ ਹੁਣ ਇਸ ਨਵੇਂ ਟੈਰਿਫ ਦੇ ਦਾਇਰੇ ਵਿੱਚ ਆ ਜਾਣਗੇ। ਟਰੰਪ ਨੇ ਆਪਣੇ ਫੈਸਲੇ ਦਾ ਬਚਾਅ ਕਰਦੇ ਹੋਏ ਦੋਸ਼ ਲਗਾਇਆ ਕਿ ਕੈਨੇਡਾ ਅਮਰੀਕੀ ਵਾਈਨ, ਆਟੋਮੋਬਾਈਲ ਅਤੇ ਡੇਅਰੀ ਉਤਪਾਦਾਂ ਨਾਲ ਵਿਤਕਰਾਪੂਰਨ ਵਿਵਹਾਰ ਕਰ ਰਿਹਾ ਹੈ, ਜਿਸ ਕਾਰਨ ਇਹ ਕਦਮ ਚੁੱਕਣਾ ਲਾਜ਼ਮੀ ਬਣਿਆ।

ਵਪਾਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਅਮਰੀਕਾ ਅਤੇ ਕੈਨੇਡਾ ਵਿਚਕਾਰ ਵਪਾਰਕ ਤਣਾਅ ਹੋਰ ਵਧ ਸਕਦਾ ਹੈ ਅਤੇ ਦੋਵੇਂ ਦੇਸ਼ਾਂ ਦੇ ਕਾਰੋਬਾਰਾਂ ਅਤੇ ਖਪਤਕਾਰਾਂ 'ਤੇ ਵੀ ਇਸ ਦਾ ਅਸਰ ਪੈ ਸਕਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਨਾਲ ਗੱਲਬਾਤ ਤੇਜ਼ ਕਰਨ ਲਈ ਤਿਆਰ ਹੈ।




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਬਹਿਬਲ ਕਲਾਂ ਗੋਲੀਕਾਂਡ: ਵਿਸ਼ੇਸ਼ ਜਾਂਚ ਟੀਮ ਵੱਲੋਂ ਸੁਖਬੀਰ ਸਿੰਘ ਬਾਦਲ ਤੋਂ 2 ਘੰਟੇ ਪੁੱਛ-ਪੜਤਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਗੋਲੀਕਾਂਡ ਮਾਮਲੇ 'ਚ ਚੰਡੀਗੜ੍ਹ ਦੇ ਸੈਕਟਰ 32 ਸਥਿਤ ਪੰਜਾਬ ਪੁਲਿਸ ਅਫਸਰ ਇੰਸਟੀਚਿਊਟ ਵਿਖੇ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਪੇਸ਼ ਹੋਏ।
ਵਿਸ਼ੇਸ਼ ਜਾਂਚ ਟੀਮ ਨੇ 11 ਸਾਲ ਪਹਿਲਾਂ 2015 ਵਿਚ ਵਾਪਰੇ ਬਹਿਬਲ ਕਲਾਂ ਗੋਲੀਕਾਂਡ ਬਾਰੇ ਸੁਖਬੀਰ ਸਿੰਘ ਬਾਦਲ ਤੋਂ ਦੋ ਘੰਟੇ ਦੇ ਕਰੀਬ ਪੁੱਛ-ਪੜਤਾਲ ਕੀਤੀ। ਸਿਟ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਚੌਥੀ ਵਾਰ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਏ ਹਨ ਅਤੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ-ਜਦੋਂ ਵਿਸ਼ੇਸ਼ ਜਾਂਚ ਟੀਮ ਸੱਦੇਗੀ, ਉਹ ਪੇਸ਼ ਹੋਣਗੇ।
ਉਨ੍ਹਾਂ ਕਿਹਾ, "ਮੈਨੂੰ ਪੁੱਛੇ ਗਏ ਸਾਰੇ ਸਵਾਲ ਅਤੇ ਜਵਾਬ ਪਹਿਲਾਂ ਹੀ ਪਿਛਲੀਆਂ ਵਿਸ਼ੇਸ਼ ਜਾਂਚ ਟੀਮਾਂ ਵੱਲੋਂ ਕੈਮਰੇ 'ਚ ਰਿਕਾਰਡ ਹਨ ਅਤੇ ਦਸਤਾਵੇਜ਼ੀ ਤੌਰ 'ਤੇ ਉਪਲਬਧ ਹਨ। ਜੋ ਸਵਾਲ ਪੁੱਛੇ ਗਏ, ਉਹ ਸਾਰੇ ਸਿਆਸਤ ਤੋਂ ਪ੍ਰੇਰਿਤ ਸਨ ਤੇ ਦਿੱਲੀ ਦੀ 'ਆਪ' ਟੀਮ ਨੇ ਤਿਆਰ ਕੀਤੇ ਸਨ, ਤਾਂ ਜੋ ਇਸ ਮੰਦਭਾਗੀ ਘਟਨਾ ਤੋਂ ਸਿਆਸੀ ਲਾਹਾ ਲਿਆ ਜਾ ਸਕੇ।"
ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਕਾਲ ਤਖ਼ਤ ਸਾਹਿਬ ਦੇ



ਫਰਮਾਨ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਸਿਆਸੀ ਡਰਾਮਾ ਰਚਿਆ ਜਾ ਰਿਹਾ ਹੈ ਪਰ ਅਕਾਲੀ ਦਲ ਨਾ ਕਦੇ ਦੱਬੇਗਾ ਅਤੇ ਨਾ ਹੀ ਝੁਕੇਗਾ। ਬੇਅਦਬੀ ਦੀਆਂ ਘਟਨਾਵਾਂ 'ਚ ਸ਼ਾਮਲ ਵਿਅਕਤੀਆਂ ਨੂੰ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। 'ਆਪ' ਨੇ ਸੂਬੇ 'ਚ ਬੇਅਦਬੀ ਦੀਆਂ ਘਟਨਾਵਾਂ ਰੋਕਣ ਵਾਸਤੇ ਕੁਝ ਨਹੀਂ ਕੀਤਾ। ਪਿਛਲੇ 10 ਸਾਲਾਂ 'ਚ ਬੇਅਦਬੀ ਦੀਆਂ 597 ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਮੁੱਖ ਮੰਤਰੀ ਨੇ ਉਨ੍ਹਾਂ ਦੀ ਜਾਂਚ ਨਹੀਂ ਕਰਵਾਈ, ਜਿਸ ਕਾਰਨ ਦੋਸ਼ੀ ਬਰੀ ਹੋ ਗਏ। ਉਨ੍ਹਾਂ ਦੋਸ਼ ਲਾਇਆ ਕਿ ਭਗਵੰਤ ਮਾਨ ਨੇ ਖੁਦ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਅੰਦਰ ਪੁਲਿਸ ਭੇਜ ਕੇ ਵੱਡੀ ਬੇਅਦਬੀ ਕੀਤੀ ਸੀ।
ਇਸ ਮੌਕੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਬਿਕਰਮ ਸਿੰਘ ਮਜੀਠੀਆ, ਜਨਮੇਜਾ ਸਿੰਘ ਸੇਖੋਂ, ਮਹੇਸ਼ਇੰਦਰ ਸਿੰਘ ਗਰੇਵਾਲ, ਸਿਕੰਦਰ ਸਿੰਘ ਮਲੂਕਾ, ਡਾ. ਦਲਜੀਤ ਸਿੰਘ ਚੀਮਾ, ਹੀਰਾ ਸਿੰਘ ਗਾਬੜੀਆ, ਪਰਮਜੀਤ ਸਿੰਘ ਸਰਨਾ, ਐੱਨ.ਕੇ. ਸ਼ਰਮਾ ਅਤੇ ਅਰਸ਼ਦੀਪ ਸਿੰਘ ਕਲੇਰ ਤੇ ਹੋਰ ਆਗੂ ਮੌਜੂਦ ਸਨ। ਇਸ ਮੌਕੇ ਵੱਡੀ ਗਿਣਤੀ 'ਚ ਪਾਰਟੀ ਵਰਕਰ ਵੀ ਮੌਜੂਦ ਸਨ।
ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਡਰ ਲੱਗ ਰਿਹਾ ਹੈ। ਇਸੇ ਕਰਕੇ ਸਿਆਸੀ ਡਰਾਮਾ ਰਚ ਕੇ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗੁਰੂ ਸਾਹਿਬਾਨ ਅਤੇ ਸੰਤਾਂ ਦੀਆਂ ਬੇਅਦਬੀਆਂ ਕੀਤੀਆਂ ਹਨ, ਜਿਨ੍ਹਾਂ ਨੂੰ ਅਕਾਲੀ ਦਲ ਵੱਲੋਂ ਬੇਨਕਾਬ ਕੀਤਾ ਜਾਵੇਗਾ। ਬੇਅਦਬੀ ਦੇ ਮਾਮਲਿਆਂ 'ਚ ਭਗਵੰਤ ਮਾਨ ਨੂੰ ਇਸੇ ਪੁਲਿਸ ਮੂਹਰੇ ਤੇ ਇਸੇ ਥਾਂ 'ਤੇ ਸੱਦਿਆ ਜਾਵੇਗਾ ਅਤੇ ਬੇਅਦਬੀ ਦੀਆਂ ਘਟਨਾਵਾਂ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

# ਆਸਟ੍ਰੇਲੀਆ 'ਚ ਪੰਜਾਬੀ ਟਰੱਕ ਡਰਾਈਵਰਾਂ ਨੂੰ ਕਰਨਾ ਪੈ ਰਿਹੈ ਨਸਲੀ ਵਿਤਕਰੇ ਦੇ ਸਾਹਮਣਾ!

ਮੈਲਬੌਰਨ
ਸਾਂਝੀ ਸੋਚ ਬਿਊਰੋ

ਆਸਟ੍ਰੇਲੀਆ ਦੇ ਟਰਾਂਸਪੋਰਟ ਸੈਕਟਰ 'ਚ ਕੰਮ ਕਰ ਰਹੇ ਭਾਰਤੀ ਅਤੇ ਖ਼ਾਸਕਰ ਪੰਜਾਬੀ ਟਰੱਕ ਡਰਾਈਵਰਾਂ ਨੂੰ ਗੰਭੀਰ ਨਸਲੀ ਵਿਤਕਰੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਦੀ ਇੱਕ ਜਾਂਚ ਰਿਪੋਰਟ ਅਨੁਸਾਰ ਪੱਗਾਂ ਪਹਿਨਣ, ਆਪਸ ਵਿਚ ਪੰਜਾਬੀ ਬੋਲਣ ਅਤੇ ਵੱਖਰੇ ਲਹਿਜ਼ੇ ਕਾਰਨ ਪੰਜਾਬੀ ਡਰਾਈਵਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।
ਇੰਸਟਾਗ੍ਰਾਮ 'ਤੇ ਵਾਇਰਲ ਹੋਈ ਇੱਕ ਸੀ.ਬੀ. ਰੇਡੀਓ ਦੀ ਆਡੀਓ ਕਲਿੱਪ ਵਿਚ ਪੰਜਾਬੀਆਂ ਨੂੰ ਜਾਨੋਂ ਮਾਰਨ, ਉਨ੍ਹਾਂ ਦੇ ਬੱਚਿਆਂ ਨੂੰ ਡੁਬੋਣ ਅਤੇ ਔਰਤਾਂ ਨੂੰ ਗੁਲਾਮ ਬਣਾ ਕੇ ਵੇਚਣ ਵਰਗੀਆਂ ਖ਼ੌਫ਼ਨਾਕ ਧਮਕੀਆਂ ਦਿੱਤੀਆਂ ਗਈਆਂ ਹਨ, ਜਿਸ ਕਾਰਨ ਬਹੁਤ ਸਾਰੇ ਡਰਾਈਵਰਾਂ ਨੇ ਡਰ ਦੇ ਮਾਰੇ ਰੇਡੀਓ ਦੀ ਵਰਤੋਂ ਹੀ ਬੰਦ ਕਰ ਦਿੱਤੀ ਹੈ।
ਇਸ ਦੌਰਾਨ ਕਈ ਦਰਦਨਾਕ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਇਕ ਪੰਜਾਬੀ ਡਰਾਈਵਰ ਅਨੁਸਾਰ ਦੱਖਣੀ ਆਸਟ੍ਰੇਲੀਆ ਦੇ ਇੱਕ ਟਰੱਕ ਸਟਾਪ 'ਤੇ ਜਦੋਂ ਉਹ ਆਪਣੀ ਪਤਨੀ ਨਾਲ ਫ਼ੋਨ 'ਤੇ ਪੰਜਾਬੀ ਵਿਚ ਗੱਲ ਕਰ ਰਿਹਾ ਸੀ, ਤਾਂ ਇੱਕ ਸਥਾਨਕ ਵਿਅਕਤੀ ਨੇ ਉਸ 'ਤੇ ਥੁੱਕ ਦਿੱਤਾ ਅਤੇ ਅੰਗਰੇਜ਼ੀ ਵਿਚ ਗੱਲ ਕਰਨ ਲਈ ਕਿਹਾ।
ਇਸੇ ਤਰ੍ਹਾਂ 10 ਸਾਲਾਂ ਦੇ ਤਜ਼ਰਬੇ ਵਾਲੇ ਇਕ ਹੋਰ ਪੰਜਾਬੀ ਨੇ ਲਗਾਤਾਰ ਹੁੰਦੀਆਂ ਨਸਲੀ ਟਿੱਪਣੀਆਂ ਅਤੇ ਪੱਗ ਦਾ ਮਜ਼ਾਕ ਉਡਾਏ ਜਾਣ ਤੋਂ ਤੰਗ



ਆ ਕੇ ਮਹਿਜ਼ 8 ਮਹੀਨਿਆਂ ਵਿਚ ਹੀ ਆਪਣੀ ਜੌਬ ਛੱਡ ਦਿੱਤੀ। ਆਸਟ੍ਰੇਲੀਅਨ ਟਰੱਕਿੰਗ ਐਸੋਸੀਏਸ਼ਨ (ਏ.ਟੀ.ਏ.) ਅਤੇ ਨੈਸ਼ਨਲ ਹੈਵੀ ਵਹੀਕਲ ਰੈਗੂਲੇਟਰ (ਐੱਨ.ਐੱਚ.ਵੀ.ਆਰ.) ਨੇ ਇਸ ਘਿਨੌਣੇ ਵਿਵਹਾਰ ਦੀ ਨਿੰਦਾ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਅਜਿਹੀ ਮਾਨਸਿਕ ਸਟ੍ਰੈੱਸ ਕਾਰਨ ਸੜਕ ਹਾਦਸਿਆਂ ਦਾ ਰਿਸਕ ਵਧ ਸਕਦਾ ਹੈ।
ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਆਸਟ੍ਰੇਲੀਆਈ ਗ੍ਰਹਿ ਮੰਤਰੀ ਟੋਨੀ ਬਰਕ ਨੇ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਆਸਟ੍ਰੇਲੀਆ ਇੱਕ ਆਰਕੈਸਟਰਾ ਵਾਂਗ ਹੈ, ਜਿੱਥੇ ਹਰ ਸੱਭਿਆਚਾਰ ਦਾ ਆਪਣਾ ਸਥਾਨ ਹੈ ਅਤੇ ਭਾਰਤੀ-ਸਿੱਖ ਭਾਈਚਾਰੇ ਵਿਰੁੱਧ ਅਜਿਹੀ ਨਫ਼ਰਤ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸਰਕਾਰ ਨੇ ਹਰ ਵੱਡੇ ਸ਼ਹਿਰ ਵਿਚ ਮਾਈਗ੍ਰੈਂਟ ਵਰਕਰ ਸਪੋਰਟ ਸੈਂਟਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ, ਜਿੱਥੇ ਡਰਾਈਵਰ ਬਿਨਾਂ ਕਿਸੇ ਝਿਜਕ ਜਾਂ ਵੀਜ਼ਾ ਰੱਦ ਹੋਣ ਦੇ ਡਰ ਤੋਂ ਗੁਪਤ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਸਰਕਾਰ ਨੇ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਵੀਜ਼ਾ ਸੁਰੱਖਿਆ ਨਿਯਮਾਂ ਵਿਚ ਵੱਡਾ ਬਦਲਾਅ ਕੀਤਾ ਹੈ। ਹੁਣ, ਜੇਕਰ ਕੋਈ ਕਾਮਾ ਆਪਣੇ ਨਾਲ ਹੋ ਰਹੀ ਬਦਸਲੂਕੀ ਜਾਂ ਸ਼ੋਸ਼ਣ ਦੀ ਰਿਪੋਰਟ ਕਰਦਾ ਹੈ, ਤਾਂ ਉਸਦਾ ਮਾਲਕ ਬਦਲਾ ਲੈਣ ਦੀ ਨੀਅਤ ਨਾਲ ਉਸਦਾ ਵੀਜ਼ਾ ਰੱਦ ਨਹੀਂ ਕਰਵਾ ਸਕੇਗਾ। ਬਰਕ ਅਨੁਸਾਰ ਪੁਰਾਣੇ ਸਿਸਟਮ ਵਿਚ ਕਾਮਿਆਂ ਕੋਲ ਕੋਈ ਤਾਕਤ ਨਹੀਂ ਸੀ, ਪਰ ਇਹ ਨਵਾਂ ਸੁਧਾਰ ਉਨ੍ਹਾਂ ਨੂੰ ਨਿਡਰ ਹੋ ਕੇ ਬੋਲਣ ਦੀ ਸ਼ਕਤੀ ਦੇਵੇਗਾ।
ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਵਿਚ ਲਗਭਗ 5,000 ਤੋਂ 8,000 ਪੰਜਾਬੀ ਟਰੱਕ ਡਰਾਈਵਰ ਹਨ, ਜੋ ਦੇਸ਼ ਦੀ ਸਪਲਾਈ ਚੇਨ ਅਤੇ ਲੌਜਿਸਟਿਕਸ ਸੈਕਟਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਇੰਟਰਨੈਸ਼ਨਲ ਰੋਡ ਟਰਾਂਸਪੋਰਟ ਯੂਨੀਅਨ ਅਨੁਸਾਰ ਆਸਟ੍ਰੇਲੀਆ ਵਿਚ ਪਹਿਲਾਂ ਹੀ 28,000 ਭਾਰੀ ਵਾਹਨ ਚਾਲਕਾਂ ਦੀ ਸ਼ਾਰਟੇਜ ਹੈ। ਅਜਿਹੇ ਵਿਚ ਨਸਲੀ ਹਮਲਿਆਂ ਕਾਰਨ ਭਾਰਤੀ ਡਰਾਈਵਰਾਂ ਦਾ ਇਹ ਖੇਤਰ ਛੱਡਣਾ ਆਸਟ੍ਰੇਲੀਆਈ ਅਰਥਵਿਵਸਥਾ ਅਤੇ ਟਰਾਂਸਪੋਰਟ ਪ੍ਰਣਾਲੀ ਲਈ ਇੱਕ ਵੱਡਾ ਸੰਕਟ ਖੜ੍ਹਾ ਕਰ ਸਕਦਾ ਹੈ।

# ਕੈਨੇਡਾ 'ਚ ਪਾਵਰ ਟੂਲ ਚੋਰੀ ਕਰਨ ਦੇ ਦੋਸ਼ ਹੇਠ 4 ਪੰਜਾਬੀ ਗ੍ਰਿਫ਼ਤਾਰ: ਇੱਕ ਫ਼ਰਾਰ

ਟੋਰਾਂਟੋ
ਸਾਂਝੀ ਸੋਚ ਬਿਊਰੋ

ਕੈਨੇਡਾ ਦੇ ਸ਼ਹਿਰ ਟੋਰਾਂਟੋ ਨੇੜੇ ਮਾਰਖਮ ਵਿਚ ਇੱਕ ਰਿਟੇਲ ਸਟੋਰ ਤੋਂ ਮਹਿੰਗੇ ਬਿਜਲੀ ਦੇ ਸੰਦ (ਪਾਵਰ ਟੂਲਜ਼) ਚੋਰੀ ਕਰਨ ਦੇ ਦੋਸ਼ ਹੇਠ ਯੌਰਕ ਰਿਜਨਲ ਪੁਲਿਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਹੋਰ ਮੁਲਜ਼ਮ ਦੀ ਭਾਲ ਜਾਰੀ ਹੈ। ਪੁਲਿਸ ਅਨੁਸਾਰ ਇਹ ਘਟਨਾ 19 ਜੁਲਾਈ ਨੂੰ ਸ਼ਾਮ ਕਰੀਬ 7:45 ਵਜੇ ਫੇਅਰਬਰਨ ਡਰਾਈਵ ਅਤੇ ਹਾਈਵੇਅ 7 ਨੇੜੇ ਸਥਿਤ ਇੱਕ ਰਿਟੇਲ ਸਟੋਰ ਵਿਚ ਵਾਪਰੀ। ਸਟੋਰ ਦੇ ਨੁਕਸਾਨ ਦੀ ਰੋਕਥਾਮ ਅਮਲੇ ਨੇ ਪੰਜ ਸ਼ੱਕੀ ਵਿਅਕਤੀਆਂ ਨੂੰ ਸ਼ਾਪਿੰਗ ਕਾਰਟਾਂ ਵਿਚ ਮਹਿੰਗੇ ਪਾਵਰ ਟੂਲ ਪਾਉਂਦਿਆਂ ਦੇਖਿਆ। ਸੁਰੱਖਿਆ ਕਰਮਚਾਰੀਆਂ ਨੇ ਦੱਸਿਆ ਕਿ ਇਹ ਵਿਅਕਤੀ ਪਹਿਲਾਂ ਹੋਈਆਂ ਚੋਰੀਆਂ ਦੇ ਮਾਮਲਿਆਂ ਨਾਲ ਵੀ ਜੁੜੇ ਹੋਏ ਸਨ। ਨਿਗਰਾਨੀ ਦੌਰਾਨ ਪਤਾ ਲੱਗਿਆ ਕਿ ਉਹ ਬਿਨਾਂ ਭੁਗਤਾਨ ਕੀਤੇ ਸਮਾਨ ਲੈ ਕੇ ਸਟੋਰ ਤੋਂ ਬਾਹਰ ਨਿਕਲ ਗਏ। ਸਟੋਰ ਕਰਮਚਾਰੀਆਂ ਨੇ ਬਾਹਰ ਜਾ ਕੇ ਦੇਖਿਆ ਕਿ ਮੁਲਜ਼ਮ ਚੋਰੀ ਕੀਤਾ ਸਮਾਨ ਇੱਕ ਵਾਹਨ ਵਿਚ ਰੱਖ ਰਹੇ ਸਨ, ਜਿਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲਿਸ ਨੂੰ ਦੇਖ ਕੇ ਮੁਲਜ਼ਮਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ ਅਤੇ ਆਪਣਾ ਵਾਹਨ ਪੁਲਿਸ ਦੀ ਗੱਡੀ ਨਾਲ ਟਕਰਾ ਦਿੱਤਾ। ਇਸ ਉਪਰੰਤ ਸਾਰੇ ਮੁਲਜ਼ਮ ਪੈਦਲ ਭੱਜਣ ਲੱਗੇ। ਪੁਲਿਸ ਅਧਿਕਾਰੀਆਂ ਨੇ ਪਿੱਛਾ ਕਰਕੇ ਚਾਰ ਵਿਅਕਤੀਆਂ ਨੂੰ ਕਾਬੂ ਕਰ ਲਿਆ, ਜਦੋਂਕਿ ਪੰਜਵਾਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ।
ਪੁਲਿਸ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਚਾਰੇ ਵਿਅਕਤੀ ਘਟਨਾ ਸਮੇਂ ਪਹਿਲਾਂ ਤੋਂ ਹੀ ਜ਼ਮਾਨਤ ਜਾਂ ਰਿਹਾਈ ਦੀਆਂ ਸ਼ਰਤਾਂ ਹੇਠ ਸਨ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਮੋਹਿਤ ਸ਼ਰਮਾ (36), ਜਿਸ ਦਾ ਕੋਈ ਪੱਕਾ ਪਤਾ ਦਰਜ ਨਹੀਂ; ਮਨਪ੍ਰੀਤ ਸਿੰਘ (30), ਬਰੈਂਪਟਨ; ਵਿਸ਼ਵਜੀਤ ਸਿੰਘ (22), ਮਿਸੀਸਾਗਾ ਅਤੇ ਸੁਖਜਿੰਦਰ ਰੱਖੜਾ (43), ਕਿਚਨਰ ਸ਼ਾਮਲ ਹਨ। ਪੁਲਿਸ ਅਨੁਸਾਰ ਮੋਹਿਤ ਸ਼ਰਮਾ ਖ਼ਿਲਾਫ਼ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲਿਸ ਕਾਰਵਾਈ ਵਿਚ ਰੁਕਾਵਟ ਪਾਉਣ, ਨਸ਼ੀਲੇ ਪਦਾਰਥ ਰੱਖਣ ਅਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ। ਮਨਪ੍ਰੀਤ ਸਿੰਘ 'ਤੇ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲਿਸ ਕਾਰਵਾਈ ਵਿਚ ਰੁਕਾਵਟ ਪਾਉਣ, ਰਿਹਾਈ ਹੁਕਮਾਂ ਦੀ ਉਲੰਘਣਾ ਅਤੇ ਪ੍ਰੋਬੇਸ਼ਨ ਦੀ ਉਲੰਘਣਾ ਦੇ ਦੋਸ਼ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਵਿਸ਼ਵਜੀਤ ਸਿੰਘ ਖ਼ਿਲਾਫ਼ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲਿਸ ਕਾਰਵਾਈ ਵਿਚ ਰੁਕਾਵਟ ਪਾਉਣ ਅਤੇ ਰਿਹਾਈ ਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ, ਜਦਕਿ ਸੁਖਜਿੰਦਰ ਰੱਖੜਾ 'ਤੇ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ ਅਤੇ ਪੁਲਿਸ ਤੋਂ ਭੱਜਣ ਦੇ ਦੋਸ਼ ਆਇਦ ਕੀਤੇ ਗਏ ਹਨ। ਯੌਰਕ ਰਿਜਨਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਫ਼ਰਾਰ ਪੰਜਵੇਂ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਸ਼ਾਹ ਦੇ ਇਸ਼ਾਰਿਆਂ 'ਤੇ ਨੱਚ ਰਹੇ ਹਨ ਮਾਨ: ਵੜਿੰਗ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਉੱਪਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ਼ਾਰਿਆਂ 'ਤੇ ਨੱਚਣ ਦਾ ਦੋਸ਼ ਲਗਾਇਆ ਹੈ, ਜਿਹੜੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਵਿਰੋਧ ਵਿੱਚ ਦਿੱਲੀ ਜਾਣ ਦੀ ਤਿਆਰੀ ਕਰ ਰਹੇ ਕਿਸਾਨਾਂ ਅਤੇ ਉਨ੍ਹਾਂ ਦੇ ਆਗੂਆਂ 'ਤੇ ਬੇਰਹਿਮੀ ਨਾਲ ਕਾਰਵਾਈ ਕਰਵਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਭਾਜਪਾ ਨਾਲ ਕੋਈ ਨਾ ਕੋਈ ਸਮਝੌਤਾ ਹੋ ਚੁੱਕਾ ਹੈ। ਇਸੇ ਕਾਰਨ ਭਗਵੰਤ ਮਾਨ ਅਮਿਤ ਸ਼ਾਹ ਦੇ ਹੁਕਮਾਂ ਦੀ ਪਾਲਣਾ ਕਰ ਰਹੇ ਹਨ। ਇਸ ਲੜੀ ਹੇਠ, ਪੰਜਾਬ ਪੁਲਿਸ ਵੱਲੋਂ ਕਿਸਾਨ ਆਗੂਆਂ 'ਤੇ ਕੀਤੀ ਗਈ ਕਾਰਵਾਈ ਉੱਪਰ ਪ੍ਰਤੀਕਿਰਿਆ ਜਾਹਿਰ ਕਰਦਿਆਂ, ਵੜਿੰਗ ਨੇ ਮਾਨ ਨੂੰ ਪੁੱਛਿਆ ਕਿ ਜਦੋਂ ਕਿਸਾਨ ਸਿਰਫ਼ ਕੇਂਦਰ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਨ ਜਾ ਰਹੇ ਸਨ, ਤਾਂ ਉਨ੍ਹਾਂ ਨੂੰ ਇਸ ਨਾਲ ਕੀ ਦਿੱਕਤ ਸੀ? ਪੰਜਾਬ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਇਹ ਸਾਫ਼ ਹੈ ਕਿ ਮਾਨ ਸਰਕਾਰ ਨੇ ਇਹ ਕਾਰਵਾਈ ਕੇਂਦਰੀ ਗ੍ਰਹਿ ਮੰਤਰੀ ਦੇ ਕਹਿਣ 'ਤੇ ਕੀਤੀ ਹੈ, ਜਿਨ੍ਹਾਂ ਨੇ ਸਪੱਸ਼ਟ ਤੌਰ 'ਤੇ ਭਗਵੰਤ ਮਾਨ ਨੂੰ ਕਿਹਾ ਹੋਵੇਗਾ ਕਿ ਕਿਸਾਨਾਂ ਨੂੰ ਕਿਸੇ ਵੀ ਕੀਮਤ 'ਤੇ ਦਿੱਲੀ ਨਾ ਪਹੁੰਚਣ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਮਾਨ ਨੇ ਅਮਿਤ ਸ਼ਾਹ ਦੇ ਹੁਕਮਾਂ ਦੀ ਇੰਨੇ ਆਗਿਆਕਾਰ ਵਜੋਂ ਪਾਲਣਾ ਕੀਤੀ ਕਿ ਉਹ ਇਹ ਵੀ ਭੁੱਲ ਗਏ ਕਿ ਉਹ ਆਪਣੇ ਆਪ ਨੂੰ ਅਕਸਰ "ਕਿਸਾਨ ਦਾ ਪੁੱਤ" ਕਹਿੰਦੇ ਰਹੇ ਹਨ। ਵੜਿੰਗ ਨੇ ਮਾਨ ਨੂੰ ਯਾਦ ਕਰਵਾਇਆ ਕਿ ਸਾਲ 2020 ਵਿੱਚ ਪੰਜਾਬ ਦੀ ਕਾਂਗਰਸ ਸਰਕਾਰ ਨੇ ਕਿਸਾਨਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਦਿੱਲੀ ਜਾਣ ਦਾ ਰਸਤਾ ਦਿੱਤਾ ਸੀ, ਜਿਸ ਕਾਰਨ ਉਹ ਦਿੱਲੀ ਦੀਆਂ ਸਰਹੱਦਾਂ 'ਤੇ ਪਹੁੰਚ ਕੇ ਇੱਕ ਸਾਲ ਤੱਕ ਧਰਨਾ ਦੇਣ ਵਿੱਚ ਕਾਮਯਾਬ ਹੋਏ ਸਨ ਅਤੇ ਆਖ਼ਰਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤਿੰਨ ਵਿਵਾਦਿਤ ਖੇਤੀ ਕਾਨੂੰਨ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ ਸੀ। ਉਨ੍ਹਾਂ ਨੇ ਜ਼ੋਰ ਦਿੰਦਿਆਂ, ਕਿਹਾ ਕਿ ਭਾਜਪਾ ਸਰਕਾਰ ਪੰਜਾਬ ਦੇ ਕਿਸਾਨਾਂ ਤੋਂ ਡਰੀ ਹੋਈ ਹੈ ਅਤੇ ਇਸੇ ਲਈ ਉਸਨੇ ਉਨ੍ਹਾਂ ਨੂੰ ਦਿੱਲੀ ਪਹੁੰਚਣ ਤੋਂ ਰੋਕਣ ਲਈ ਭਗਵੰਤ ਮਾਨ ਦੀ ਮਦਦ ਲਈ ਹੈ। ਉਨ੍ਹਾਂ ਨੇ ਕਿਹਾ ਕਿ ਮਾਨ ਸਰਕਾਰ ਨੇ ਇਹ ਪਹਿਲੀ ਵਾਰ ਨਹੀਂ ਕੀਤਾ ਹੈ, ਇਸ ਤੋਂ ਪਹਿਲਾਂ ਵੀ ਸ਼ੰਭੂ ਬਾਰਡਰ ਤੋਂ ਕਿਸਾਨਾਂ ਨੂੰ ਹਟਾਉਣ ਲਈ ਬਲ ਦਾ ਪ੍ਰਯੋਗ ਕੀਤਾ ਗਿਆ ਸੀ। ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਕਿਸਾਨਾਂ ਕੋਲ ਭਾਰਤ-ਅਮਰੀਕਾ ਵਪਾਰ ਸਮਝੌਤੇ ਦਾ ਵਿਰੋਧ ਕਰਨ ਦਾ ਪੂਰਾ ਜਾਇਜ਼ ਕਾਰਨ ਹੈ, ਕਿਉਂਕਿ ਇਸ ਸਮਝੌਤੇ ਤਹਿਤ ਅਮਰੀਕੀ ਖੇਤੀ ਉਤਪਾਦਾਂ ਲਈ ਭਾਰਤ ਦੇ ਖੇਤੀਬਾੜੀ ਖੇਤਰ ਨੂੰ ਖੋਲ੍ਹਣ ਦੀ ਵਿਵਸਥਾ ਹੈ, ਜਿਸ ਨਾਲ ਦੇਸ਼ ਦੀ ਖੇਤੀਬਾੜੀ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ।



# ਮੋਦੀ ਸਰਕਾਰ ਦੀ ਬਰਬਰਤਾ ਦੇ ਸ਼ਿਕਾਰ ਵਿਦਿਆਰਥੀਆਂ ਦੀ ਮਦਦ ਲਈ ਕੇਜਰੀਵਾਲ ਨੇ ਦਿਨ ਭਰ ਹਸਪਤਾਲ, ਥਾਣੇ ਤੋਂ ਲੈ ਕੇ ਜੰਤਰ-ਮੰਤਰ ਤੱਕ ਕੀਤੀ ਭੱਜ-ਦੌੜ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਮੋਦੀ ਸਰਕਾਰ ਦੀ ਬਰਬਰਤਾ ਦੇ ਸ਼ਿਕਾਰ ਵਿਦਿਆਰਥੀਆਂ ਦੀ ਮਦਦ ਲਈ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਦਿਨ ਭਰ ਹਸਪਤਾਲ, ਵੱਖ-ਵੱਖ ਥਾਣਿਆਂ ਤੋਂ ਲੈ ਕੇ ਜੰਤਰ-ਮੰਤਰ ਤੱਕ ਭੱਜ-ਦੌੜ ਕੀਤੀ। ਸਭ ਤੋਂ ਪਹਿਲਾਂ, ਉਹ ਸੰਸਦ ਮੈਂਬਰ ਸੰਜੇ ਸਿੰਘ, ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਅਤੇ ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨਾਲ ਆਰਐਮਐਲ ਹਸਪਤਾਲ ਪਹੁੰਚ ਕੇ ਪੁਲਿਸ ਦੇ ਲਾਠੀਚਾਰਜ ਨਾਲ ਜ਼ਖ਼ਮੀ ਵਿਦਿਆਰਥੀਆਂ ਦਾ ਹਾਲ-ਚਾਲ ਜਾਣਿਆ। ਇਸ ਤੋਂ ਬਾਅਦ ਉਹ ਮੰਦਿਰ ਮਾਰਗ ਅਤੇ ਸੰਸਦ ਮਾਰਗ ਥਾਣੇ ਜਾ ਕੇ ਗ੍ਰਿਫ਼ਤਾਰ ਲੋਕਾਂ ਨੂੰ ਰਿਹਾਅ ਕਰਵਾਇਆ। ਫਿਰ ਉਹ ਜੰਤਰ-ਮੰਤਰ ਜਾ ਕੇ ਧਰਨੇ 'ਤੇ ਬੈਠੇ ਨੌਜਵਾਨਾਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸਵੇਰ ਤੋਂ ਅਸੀਂ ਝੂਠੇ ਕੇਸ ਲਗਾ ਕੇ ਵੱਖ-ਵੱਖ ਥਾਣਿਆਂ ਵਿੱਚ ਗ੍ਰਿਫ਼ਤਾਰ ਕਰਕੇ ਰੱਖੇ 70 ਤੋਂ 80 ਲੋਕਾਂ ਨੂੰ ਛੁਡਵਾਇਆ ਹੈ। ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਨੇ ਲੋਕਾਂ 'ਤੇ ਬੁਰੀ ਤਰ੍ਹਾਂ ਡੰਡੇ ਮਾਰੇ, ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਪੱਥਰ ਵਰ੍ਹਾਏ। ਹੁਣ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਨਹੀਂ, ਬਲਕਿ ਮੋਦੀ ਜੀ ਦਾ ਅਸਤੀਫ਼ਾ ਹੋਣਾ ਚਾਹੀਦਾ ਹੈ। ਮੋਦੀ ਹਟਾਓ-ਦੇਸ਼ ਬਚਾਓ।

ਅਰਵਿੰਦ ਕੇਜਰੀਵਾਲ ਨੇ ਨੌਜਵਾਨਾਂ ਦੀ ਹਿੰਮਤ ਨੂੰ ਸਲਾਮ ਕਰਦਿਆਂ ਕਿਹਾ ਕਿ ਇਹਨਾਂ ਨੌਜਵਾਨਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਤਾਨਾਸ਼ਾਹ ਨੂੰ ਵੰਗਾਰਨ ਦੀ ਹਿੰਮਤ ਕੀਤੀ ਹੈ। ਸੋਮਵਾਰ ਨੂੰ ਪੂਰੀ ਦੁਨੀਆ ਨੇ ਦੇਖਿਆ ਕਿ ਕਿਸ ਤਰ੍ਹਾਂ ਮੋਦੀ ਨੂੰ ਇਹਨਾਂ ਨੌਜਵਾਨਾਂ ਅੱਗੇ ਝੁਕਣਾ ਪਿਆ। ਉਨ੍ਹਾਂ ਕਿਹਾ ਕਿ ਮੈਂ ਅਜੇ ਜ਼ਖ਼ਮੀ ਲੋਕਾਂ ਨੂੰ ਮਿਲ ਕੇ ਆਇਆ ਹਾਂ। ਪੁਲਿਸ ਨੇ ਲੋਕਾਂ 'ਤੇ ਬੁਰੀ ਤਰ੍ਹਾਂ ਡੰਡੇ ਮਾਰੇ ਹਨ, ਉਨ੍ਹਾਂ 'ਤੇ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਪੱਥਰ ਵਰ੍ਹਾਏ ਗਏ। ਕਿਸੇ ਦਾ ਸਿਰ ਪਾੜ ਦਿੱਤਾ ਹੈ ਤਾਂ ਕਿਸੇ ਦੀ ਲੱਤ ਤੋੜ ਦਿੱਤੀ ਹੈ। ਕਈ ਲੋਕਾਂ ਨੂੰ ਫ਼ਰੈਕਚਰ ਆਏ ਹਨ ਅਤੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਅੱਜ ਸਵੇਰ ਤੋਂ ਮੈਂ ਖ਼ੁਦ ਇੱਕ-ਇੱਕ ਥਾਣੇ ਵਿੱਚ ਜਾ ਕੇ ਪਤਾ ਕਰ ਰਿਹਾ ਹਾਂ ਕਿ ਲੋਕ ਕਿੱਥੇ ਗ੍ਰਿਫ਼ਤਾਰ ਹਨ। ਮੈਂ ਸਵੇਰ ਤੋਂ ਲਗਭਗ 70-80 ਲੋਕਾਂ ਨੂੰ ਛੁਡਵਾ ਚੁੱਕਾ ਹਾਂ, ਜਿਨ੍ਹਾਂ ਨੂੰ ਝੂਠੇ ਕੇਸ ਲਗਾ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੋਦੀ ਜੀ ਕਹਿੰਦੇ ਹਨ ਕਿ ਇਹ ਬੱਚੇ ਅੱਤਵਾਦੀ ਅਤੇ ਐਂਟੀ-ਨੈਸ਼ਨਲ ਹਨ। ਮੈਂ ਮੋਦੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਡੇ ਅੱਤਵਾਦੀ ਅਤੇ ਐਂਟੀ-ਨੈਸ਼ਨਲ ਆਪ ਖ਼ੁਦ ਹੋ। ਇਹ ਬੱਚੇ ਇਸ ਦੇਸ਼ ਦਾ ਭਵਿੱਖ ਹਨ। ਤੁਸੀਂ ਪਿਛਲੇ 12 ਸਾਲਾਂ ਵਿੱਚ ਦੇਸ਼ ਦਾ ਬੇੜਾ ਗਰਕ ਕਰ ਦਿੱਤਾ ਹੈ। ਤੁਹਾਡੇ ਤੋਂ ਨੀਟ ਦਾ ਇੱਕ ਇਮਤਿਹਾਨ ਠੀਕ ਤਰ੍ਹਾਂ ਨਹੀਂ ਹੁੰਦਾ, ਤੁਸੀਂ ਦੇਸ਼ ਕੀ ਚਲਾਓਗੇ? ਮੈਨੂੰ ਲੱਗਦਾ ਹੈ ਕਿ ਹੁਣ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਨਹੀਂ, ਬਲਕਿ ਖ਼ੁਦ ਪ੍ਰਧਾਨ ਮੰਤਰੀ ਮੋਦੀ ਦਾ ਅਸਤੀਫ਼ਾ ਹੋਣਾ ਚਾਹੀਦਾ ਹੈ। ਮੋਦੀ ਹਟਾਓ, ਦੇਸ਼ ਬਚਾਓ।

ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ ਅੱਜ ਸਵੇਰੇ-ਸਵੇਰੇ ਮੋਦੀ ਜੀ ਦੀ ਪੁਲਿਸ ਨੇ ਇੱਕ ਪ੍ਰੈਸ ਰਿਲੀਜ਼ ਜਾਰੀ ਕਰਕੇ ਧਮਕੀ ਦਿੱਤੀ ਹੈ ਕਿ ਜੋ ਲੋਕ ਅੰਦੋਲਨ ਵਿੱਚ ਆਏ ਸਨ, ਉਨ੍ਹਾਂ 'ਤੇ ਕੇਸ ਕਰਨਗੇ। ਮੈਂ ਮੋਦੀ ਜੀ ਨੂੰ ਚੈਲੇਂਜ ਕਰਦਾ ਹਾਂ ਕਿ ਕੇਸ ਕਰਕੇ ਦਿਖਾਉਣ। ਨੌਜਵਾਨ ਕੇਸਾਂ ਤੋਂ ਬਿਲਕੁਲ ਨਾ ਡਰਨ, ਆਮ ਆਦਮੀ ਪਾਰਟੀ ਨੌਜਵਾਨਾਂ ਲਈ ਵੱਡੇ ਤੋਂ ਵੱਡਾ ਵਕੀਲ ਖੜ੍ਹਾ ਕਰੇਗੀ ਅਤੇ ਛੁਡਵਾ ਕੇ ਲੈ ਆਵੇਗੀ। ਮੋਦੀ ਜੀ ਨੇ ਮੈਨੂੰ ਵੀ ਝੂਠੇ ਕੇਸ ਵਿੱਚ ਜੇਲ੍ਹ ਭੇਜਿਆ ਸੀ, ਪਰ ਮੈਂ ਵੀ ਬਾਹਰ ਆ ਗਿਆ। ਮੈਂ ਨਾ ਡਰਿਆ ਅਤੇ ਨਾ ਹੀ ਟੁੱਟਿਆ। ਸਾਡੇ ਨੌਜਵਾਨਾਂ ਨੂੰ ਵੀ ਟੁੱਟਣਾ ਜਾਂ ਡਰਨਾ ਨਹੀਂ ਹੈ, ਆਪਣੇ ਅੰਦਰੋਂ ਡਰ ਕੱਢ ਦਿਓ। ਜਿਸ ਦਿਨ ਡਰ ਨਿਕਲ ਗਿਆ, ਉਸ ਦਿਨ ਤੁਹਾਨੂੰ ਜਿੱਤਣ ਤੋਂ ਕੋਈ ਨਹੀਂ ਰੋਕ ਸਕਦਾ। ਅਰਵਿੰਦ ਕੇਜਰੀਵਾਲ ਨੇ ਨੌਜਵਾਨਾਂ ਨੂੰ ਕਿਹਾ ਕਿ ਜਦੋਂ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਜਦੋਂ ਤੱਕ ਸਿੱਖਿਆ ਮੰਤਰੀ ਅਸਤੀਫ਼ਾ ਨਹੀਂ ਦਿੰਦੇ ਅਤੇ ਦੇਸ਼ ਵਿੱਚ ਇੱਕ ਚੰਗਾ ਐਜੂਕੇਸ਼ਨ ਸਿਸਟਮ ਲਾਗੂ ਨਹੀਂ ਹੁੰਦਾ, ਤਦ ਤੱਕ ਅਸੀਂ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਤੁਸੀਂ ਸਭ ਚਿੰਤਾ ਨਾ ਕਰਨਾ, ਅਸੀਂ ਤੁਹਾਡੇ ਨਾਲ ਹਾਂ। ਇੱਕ ਪਾਸੇ ਦੇਸ਼ ਦੇ 140 ਕਰੋੜ ਲੋਕ ਹਨ ਅਤੇ ਦੂਜੇ ਪਾਸੇ ਇਕੱਲੇ ਮੋਦੀ ਹਨ। ਮੋਦੀ ਨੇ ਇਸ ਦੇਸ਼ ਦੇ ਲੋਕਾਂ 'ਤੇ ਹਮਲਾ ਕੀਤਾ ਹੈ, ਹੁਣ ਦੇਖਣਾ ਦੇਸ਼ ਦੇ ਲੋਕ ਉਨ੍ਹਾਂ ਨੂੰ ਕਿਵੇਂ ਮਜ਼ਾ ਚਖਾਉਂਦੇ ਹਨ।

ਇਸ ਤੋਂ ਪਹਿਲਾਂ, ਆਰਐਮਐਲ ਹਸਪਤਾਲ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੋਮਵਾਰ ਨੂੰ ਜਿਸ ਬਰਬਰਤਾ ਨਾਲ ਹਮਲਾ ਕਰਵਾਇਆ ਗਿਆ ਸੀ, ਉਸ ਵਿੱਚ ਕਈ ਬੱਚੇ ਅਤੇ ਪੁਲਿਸ ਵਾਲੇ ਜ਼ਖ਼ਮੀ ਹੋਏ ਸਨ। ਉਨ੍ਹਾਂ ਵਿੱਚੋਂ ਕਈ ਜ਼ਖ਼ਮੀ ਬੱਚਿਆਂ ਅਤੇ ਪੁਲਿਸ ਵਾਲਿਆਂ ਨੂੰ ਇੱਥੇ ਆਰਐਮਐਲ ਹਸਪਤਾਲ ਲਿਆਂਦਾ ਗਿਆ ਸੀ। ਮੈਂ ਅੱਜ ਇੱਥੇ ਉਨ੍ਹਾਂ ਸਾਰੇ ਜ਼ਖ਼ਮੀ ਲੋਕਾਂ ਨੂੰ ਮਿਲਣ ਲਈ ਆਇਆ ਸੀ। ਸਾਨੂੰ ਦੱਸਿਆ ਗਿਆ ਹੈ ਕਿ ਇੱਕ ਬੱਚੀ ਨੂੰ ਛੱਡ ਕੇ ਬਾਕੀ ਸਾਰੇ ਜ਼ਖ਼ਮੀ ਬੱਚੇ ਅਤੇ ਪੁਲਿਸ ਵਾਲੇ ਡਿਸਚਾਰਜ ਹੋ ਚੁੱਕੇ ਹਨ। ਇੱਕ ਬੱਚੀ ਆਈ.ਸੀ.ਯੂ. ਵਿੱਚ ਹੈ ਅਤੇ ਉਸ ਦੀ ਹਾਲਤ ਕਾਫ਼ੀ ਗੰਭੀਰ ਹੈ। ਅਸੀਂ ਉਸ ਦੇ ਰਿਸ਼ਤੇਦਾਰਾਂ ਨਾਲ ਗੱਲ ਕੀਤੀ ਅਤੇ ਉਨ੍ਹਾਂ ਨੇ ਵੀ ਦੱਸਿਆ ਕਿ ਉਹ ਬਹੁਤ ਗੰਭੀਰ ਸਥਿਤੀ ਵਿੱਚ ਹੈ। ਅਸੀਂ ਰੱਬ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਜਲਦੀ ਸਿਹਤਮੰਦ ਹੋਵੇ ਅਤੇ ਠੀਕ ਹੋ ਕੇ ਦੁਬਾਰਾ ਆਪਣੇ ਪਰਿਵਾਰ ਵਿੱਚ ਪਰਤੇ।

ਉੱਥੇ ਹੀ, ਸੰਸਦ ਮਾਰਗ ਥਾਣੇ ਪਹੁੰਚੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸੋਮਵਾਰ ਤੋਂ ਪੁਲਿਸ ਨੇ ਮੋਦੀ ਸਰਕਾਰ ਦੇ ਨਿਰਦੇਸ਼ਾਂ 'ਤੇ ਜ਼ਬਰਦਸਤ ਤਾਨਾਸ਼ਾਹੀ ਕਰਦਿਆਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ 'ਤੇ ਝੂਠੇ ਕੇਸ ਦਰਜ ਕੀਤੇ ਗਏ ਹਨ ਅਤੇ ਬਿਨਾ ਐਫ.ਆਈ.ਆਰ. ਦੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਸ ਵਜ੍ਹਾ ਨਾਲ ਕਈ ਬੱਚਿਆਂ ਦੇ ਮਾਤਾ-ਪਿਤਾ ਅਤੇ ਪਰਿਵਾਰ ਵਾਲੇ ਬਹੁਤ ਚਿੰਤਤ ਹਨ ਕਿ ਉਨ੍ਹਾਂ ਦੇ ਬੱਚੇ ਆਖ਼ਿਰ ਕਿੱਥੇ ਗਏ। ਅਸੀਂ ਸੰਸਦ ਮਾਰਗ ਥਾਣੇ ਦੀ ਪੁਲਿਸ ਤੋਂ ਮੁੱਖ ਤੌਰ 'ਤੇ ਤਿੰਨ ਜਾਣਕਾਰੀਆਂ ਮੰਗੀਆਂ ਹਨ। ਪਹਿਲਾ, ਸੋਮਵਾਰ ਦੇ ਪ੍ਰਦਰਸ਼ਨ ਨਾਲ ਸਬੰਧਤ ਕਿਸ-ਕਿਸ ਦੇ ਖ਼ਿਲਾਫ਼ ਕਿਹੜੀ-ਕਿਹੜੀ ਐਫਆਈਆਰ ਦਰਜ ਕੀਤੀ ਗਈ ਹੈ, ਉਸ ਦੀ ਸੂਚੀ ਦਿੱਤੀ ਜਾਵੇ। ਦੂਜਾ, ਜਿੰਨੇ ਬੱਚੇ ਅਜੇ ਬਿਨਾ ਐਫਆਈਆਰ ਦੇ ਹਿਰਾਸਤ ਵਿੱਚ ਹਨ, ਉਹ ਕਿੱਥੇ ਹਨ, ਕਿਸ ਥਾਣੇ ਜਾਂ ਕਿਸ ਜੇਲ੍ਹ ਵਿੱਚ ਹਨ, ਉਸ ਦੀ ਸੂਚੀ ਦਿੱਤੀ ਜਾਵੇ। ਅਤੇ ਤੀਜਾ, ਕੀ ਐਫਆਈਆਰ ਦਰਜ ਹੋਣ ਤੋਂ ਬਾਅਦ ਕੋਈ ਗ੍ਰਿਫ਼ਤਾਰੀ ਹੋਈ ਹੈ? ਜੇਕਰ ਹਾਂ, ਤਾਂ ਉਨ੍ਹਾਂ ਗ੍ਰਿਫ਼ਤਾਰੀਆਂ ਦੀ ਵੀ ਸੂਚੀ ਦਿੱਤੀ ਜਾਵੇ।

ਅਰਵਿੰਦ ਕੇਜਰੀਵਾਲ ਨੇ ਦੱਸਿਆ ਕਿ ਅਸੀਂ ਸਵੇਰੇ ਜੋ ਹੈਲਪਲਾਈਨ ਨੰਬਰ ਜਾਰੀ ਕੀਤਾ ਸੀ, ਉਸ 'ਤੇ ਹੁਣ ਤੱਕ ਦੋ ਸ਼ਿਕਾਇਤਾਂ ਆਈਆਂ ਹਨ ਅਤੇ ਅਸੀਂ ਉਹ ਦੋਵੇਂ ਸ਼ਿਕਾਇਤਾਂ ਪੁਲਿਸ ਨੂੰ ਸੌਂਪ ਦਿੱਤੀਆਂ ਹਨ। ਇੱਕ ਬੱਚਾ ਫ਼ਰਾਰ/ਲਾਪਤਾ ਹੈ, ਜਿਸ ਨੂੰ ਉਸ ਦੇ ਮਾਤਾ-ਪਿਤਾ ਲੱਭ ਰਹੇ ਹਨ। ਅਸੀਂ ਪੁਲਿਸ ਨੂੰ ਉਸ ਦਾ ਨਾਮ ਅਤੇ ਪੂਰੀ ਜਾਣਕਾਰੀ ਦੇ ਦਿੱਤੀ ਹੈ ਤਾਂ ਜੋ ਉਹ ਪਤਾ ਕਰਕੇ ਦੱਸਣ ਕਿ ਉਸ ਨੂੰ ਕਿੱਥੇ ਅਤੇ ਕਿਸ ਥਾਣੇ ਵਿੱਚ ਰੱਖਿਆ ਗਿਆ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੁਲਿਸ ਨੇ ਮੰਦਿਰ ਮਾਰਗ ਥਾਣੇ ਵਿੱਚ ਸੋਮਵਾਰ ਤੋਂ ਲਗਭਗ 11 ਬੱਚਿਆਂ ਨੂੰ ਹਿਰਾਸਤ ਵਿੱਚ ਰੱਖਿਆ ਹੋਇਆ ਹੈ। ਅਸੀਂ ਪੁਲਿਸ ਨੂੰ ਪੁੱਛਿਆ ਹੈ ਕਿ ਉਨ੍ਹਾਂ ਨੂੰ ਕਿਉਂ ਹਿਰਾਸਤ ਵਿੱਚ ਰੱਖਿਆ ਗਿਆ ਹੈ, ਉਨ੍ਹਾਂ ਨੂੰ ਕਦੋਂ ਛੱਡਣਗੇ ਜਾਂ ਉਨ੍ਹਾਂ 'ਤੇ ਐਫ.ਆਈ.ਆਰ. ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਗੇ, ਇਸ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ। ਇਸ 'ਤੇ ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਉਹ 2 ਘੰਟੇ ਦੇ ਅੰਦਰ ਸਾਨੂੰ ਪਤਾ ਕਰਕੇ ਦੱਸਣਗੇ।



Space available for Ad
Contact # +1 (209) 303-1260
Contact # +91 81463-20009


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ







**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**





**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**






- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਛਿੰਝ ਮੇਲੇ: ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦੀ ਧੜਕਣ



ਰਾਜਿੰਦਰ ਸਿੰਘ 'ਰਾਜਨ'
ਪਠਾਨਕੋਟ
9417427656

ਆਧੁਨਿਕਤਾ ਅਤੇ ਤਕਨਾਲੋਜੀ ਦੀ ਅੰਨ੍ਹੀ ਦੌੜ ਨੇ ਜਿੱਥੇ ਮਨੁੱਖੀ ਜੀਵਨ ਨੂੰ ਨਵੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਉੱਥੇ ਸਾਡੀਆਂ ਲੋਕ-ਰਵਾਇਤੀ ਖੇਡਾਂ ਅਤੇ ਸੱਭਿਆਚਾਰਕ ਵਿਰਾਸਤ ਨੂੰ ਵੀ ਹੌਲੀ-ਹੌਲੀ ਹਾਸ਼ੀਏ ਵੱਲ ਧੱਕ ਦਿੱਤਾ ਹੈ। ਅਜਿਹੇ ਸਮੇਂ ਵਿੱਚ ਛਿੰਝ ਮੇਲੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਪੰਜਾਬ ਦੀ ਅਮੀਰ ਲੋਕ-ਪਰੰਪਰਾ ਅਤੇ ਸੱਭਿਆਚਾਰਕ ਪਛਾਣ ਦਾ ਜ਼ਿੰਦਾ ਪ੍ਰਤੀਕ ਬਣ ਕੇ ਉਭਰਦੇ ਹਨ। ਇਹ ਮੇਲੇ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ, ਲੋਕ-ਖੇਡਾਂ ਅਤੇ ਵਿਰਾਸਤੀ ਮੁੱਲਾਂ ਨਾਲ ਜੋੜਦੇ ਹਨ ਅਤੇ ਇਹ ਸੰਦੇਸ਼ ਦਿੰਦੇ ਹਨ ਕਿ ਤੰਦਰੁਸਤ ਸਰੀਰ, ਦ੍ਰਿੜ੍ਹ ਇਰਾਦੇ, ਖੇਡ-ਭਾਵਨਾ ਅਤੇ ਸੱਭਿਆਚਾਰਕ ਕਦਰਾਂ ਹੀ ਕਿਸੇ ਵੀ ਸਮਾਜ ਦੀ ਅਸਲ ਪੂੰਜੀ ਅਤੇ ਤਾਕਤ ਹੁੰਦੀਆਂ ਹਨ। ਸੋ ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਹਰ ਸਾਲ ਲੱਗਣ ਵਾਲੇ ਛਿੰਝ ਮੇਲੇ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਲੋਕ-ਜੀਵਨ ਦੀ ਧੜਕਦੀ ਰੂਹ ਹਨ। ਮਿੱਟੀ ਦੀ ਸੋਹਣੀ ਮਹਿਕ ਨਾਲ ਰੰਗੇ ਇਹ ਮੇਲੇ ਜਿੱਥੇ ਪਹਿਲਵਾਨਾਂ ਦੀ ਤਾਕਤ, ਹੌਂਸਲੇ, ਸ਼ਰੀਰਕ ਸਮਰੱਥਾ ਅਤੇ ਦਾਅ-ਪੇਚਾਂ ਦਾ ਪ੍ਰਦਰਸ਼ਨ ਕਰਦੇ ਹਨ, ਉੱਥੇ ਅਖਾੜੇ ਦੀ ਮਿੱਟੀ ਵਿੱਚ ਪਸੀਨਾ ਵਹਾਉਂਦੇ ਪਹਿਲਵਾਨ, ਢੋਲ ਦੀਆਂ ਗੂੰਜਦੀਆਂ ਧੁਨਾਂ, ਦਰਸ਼ਕਾਂ ਦੀਆਂ ਜੋਸ਼ ਭਰੀਆਂ ਤਾੜੀਆਂ ਅਤੇ ਜਿੱਤ ਦੇ ਨਾਅਰਿਆਂ ਨਾਲ ਗੂੰਜਦਾ ਮਾਹੌਲ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਪੰਜਾਬ ਦਾ ਦਿਲ ਅੱਜ ਵੀ ਆਪਣੀਆਂ ਪਰੰਪਰਾਵਾਂ ਵਿੱਚ ਧੜਕਦਾ ਹੈ।

ਛਿੰਝ ਮੇਲੇ ਸਿਰਫ਼ ਕੁਸ਼ਤੀਆਂ ਤੱਕ ਹੀ ਸੀਮਤ ਨਹੀਂ ਰਹਿੰਦੇ, ਸਗੋਂ ਇਹ ਪੰਜਾਬ ਦੇ ਰੰਗਲੇ ਲੋਕ-ਜੀਵਨ ਦਾ ਇੱਕ ਵਿਸ਼ਾਲ ਮੇਲਾ ਬਣ ਜਾਂਦੇ ਹਨ। ਮੇਲੇ ਵਿੱਚ ਲੱਗੇ ਖਾਣ-ਪੀਣ ਦੇ ਸਟਾਲਾਂ ਤੋਂ ਉੱਠਦੀ ਦੇਸੀ ਘਿਉ ਵਿੱਚ ਤਲੀਆਂ ਗਰਮਾ-ਗਰਮ ਜਲੇਬੀਆਂ, ਕਰਾਰੇ ਪਕੌੜਿਆਂ, ਸੁਆਦੀ ਮਿਠਾਈਆਂ ਅਤੇ ਚਟਪਟੇ ਪਕਵਾਨਾਂ ਦੀ ਮਹਿਕ ਹਰ ਆਉਣ ਵਾਲੇ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਬੱਚਿਆਂ ਦੇ ਹੱਥਾਂ ਵਿੱਚ ਰੰਗ-ਬਿਰੰਗੇ ਖਿਡੌਣੇ, ਗੁਬਾਰੇ, ਪੀਪਨੀਆਂ, ਬਾਂਸਰੀਆਂ ਅਤੇ ਚਰਖੀਆਂ ਉਨ੍ਹਾਂ ਦੀਆਂ ਖੁਸ਼ੀਆਂ ਨੂੰ ਹੋਰ ਵੀ ਰੰਗੀਨ ਬਣਾ ਦਿੰਦੀਆਂ ਹਨ। ਨਵ-ਵਿਆਹੀਆਂ ਮੁਟਿਆਰਾਂ ਜਦੋਂ ਰੰਗ-ਬਰੰਗੀਆਂ ਚੂੜੀਆਂ ਪਹਿਨ ਕੇ ਆਪਣੇ ਪਰਿਵਾਰਾਂ ਨਾਲ ਮੇਲੇ ਦੀਆਂ ਰੌਣਕਾਂ ਦਾ ਆਨੰਦ ਮਾਣਦੀਆਂ ਹਨ ਤਾਂ ਉਨ੍ਹਾਂ ਦੇ ਖਿੜੇ ਚਿਹਰੇ ਇਸ ਸੱਭਿਆਚਾਰਕ ਮੇਲੇ ਦੀ ਸੁੰਦਰਤਾ ਵਿੱਚ ਹੋਰ ਵਾਧਾ ਕਰ ਦਿੰਦੇ ਹਨ ਫਿਰ ਬਜ਼ੁਰਗ ਪੁਰਾਣੀਆਂ ਯਾਦਾਂ ਤਾਜ਼ਾ ਕਰਦੇ ਹਨ, ਨੌਜਵਾਨ ਪਹਿਲਵਾਨਾਂ ਦੀ ਹੌਸਲਾ-ਅਫ਼ਜ਼ਾਈ ਕਰਦੇ ਹਨ ਅਤੇ ਬੱਚੇ ਇਨ੍ਹਾਂ ਰੰਗਾਂ ਨੂੰ ਆਪਣੀਆਂ ਯਾਦਾਂ ਵਿੱਚ ਸਾਂਭ ਲੈਂਦੇ ਹਨ।

ਇਨ੍ਹਾਂ ਸ਼ਾਨਦਾਰ ਛਿੰਝ ਮੇਲਿਆਂ ਦੀ ਸਫ਼ਲਤਾ ਦੇ ਪਿੱਛੇ ਵੱਖ-ਵੱਖ ਖੇਤਰਾਂ ਦੇ ਸਮਾਜ ਸੇਵੀਆਂ, ਦਾਨੀ ਸੱਜਣਾਂ ਅਤੇ ਮੇਲਾ ਪ੍ਰਬੰਧਕ ਕਮੇਟੀਆਂ ਦੀ ਸਾਲ ਭਰ ਦੀ ਮਿਹਨਤ ਅਤੇ ਸਮਰਪਣ ਲੁਕਿਆ ਹੁੰਦਾ ਹੈ। ਇਹ ਕਮੇਟੀਆਂ ਕਈ ਮਹੀਨਿਆਂ ਪਹਿਲਾਂ ਤੋਂ ਯੋਜਨਾਬੰਦੀ ਕਰਦੀਆਂ ਹਨ, ਲੋਕਾਂ ਦਾ ਸਹਿਯੋਗ ਇਕੱਠਾ ਕਰਦੀਆਂ ਹਨ ਅਤੇ ਹਰ ਪੱਖ ਤੋਂ ਮੇਲੇ ਨੂੰ ਯਾਦਗਾਰ ਬਣਾਉਣ ਲਈ ਦਿਨ-ਰਾਤ ਇੱਕ ਕਰ ਦਿੰਦੀਆਂ ਹਨ। ਮਸ਼ਹੂਰ ਗਾਇਕਾਂ ਅਤੇ ਲੋਕ-ਕਲਾਕਾਰਾਂ ਨੂੰ ਸੱਦਾ ਦੇ ਕੇ ਸੱਭਿਆਚਾਰਕ ਪ੍ਰੋਗਰਾਮ ਕਰਵਾਉਣਾ, ਨਾਮਵਰ ਪਹਿਲਵਾਨਾਂ ਨੂੰ ਅਖਾੜੇ ਵਿੱਚ ਉਤਾਰਨਾ, ਵੱਡੀ ਮਾਲੀ ਅਤੇ ਛੋਟੀ ਮਾਲੀ ਦੀਆਂ ਕੁਸ਼ਤੀਆਂ ਲਈ ਆਕਰਸ਼ਕ ਇਨਾਮ ਰੱਖਣਾ ਅਤੇ ਹਜ਼ਾਰਾਂ ਦਰਸ਼ਕਾਂ ਲਈ ਸੁਚੱਜੇ ਪ੍ਰਬੰਧ ਕਰਨਾ, ਇਹ ਸਭ ਕੁਝ ਪ੍ਰਬੰਧਕ ਕਮੇਟੀਆਂ ਦੀ ਦੂਰਅੰਦੇਸ਼ੀ ਅਤੇ ਸਮਾਜ ਪ੍ਰਤੀ ਸਮਰਪਣ ਦੀ ਮਿਸਾਲ ਹੈ। ਨਿਸ਼ਚਿਤ ਤੌਰ 'ਤੇ, ਉਨ੍ਹਾਂ ਦੇ ਇਹ ਸਲਾਹੁਣਯੋਗ ਉਪਰਾਲੇ ਹੀ ਹਰ ਸਾਲ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਮੇਲਿਆਂ ਦੀਆਂ ਰੌਣਕਾਂ ਨੂੰ ਜਿਉਂਦਾ ਰੱਖਦੇ ਹਨ।



ਇਹ ਮੇਲੇ ਸਿਰਫ਼ ਮਨੋਰੰਜਨ ਨਹੀਂ, ਸਗੋਂ ਸਮਾਜਿਕ ਏਕਤਾ ਦਾ ਵੀ ਪ੍ਰਤੀਕ ਹਨ। ਇੱਥੇ ਜਾਤ-ਪਾਤ, ਧਰਮ ਅਤੇ ਅਮੀਰੀ-ਗਰੀਬੀ ਦੇ ਭੇਦਭਾਵ ਪਿੱਛੇ ਰਹਿ ਜਾਂਦੇ ਹਨ ਅਤੇ ਹਰ ਵਿਅਕਤੀ ਇੱਕੋ ਜਿਹੇ ਉਤਸ਼ਾਹ ਨਾਲ ਮੇਲੇ ਦਾ ਆਨੰਦ ਮਾਣਦਾ ਹੈ। ਇਹ ਸਾਂਝੀਵਾਲਤਾ ਹੀ ਪੰਜਾਬ ਦੀ ਅਸਲ ਪਛਾਣ ਹੈ।

ਜੇਕਰ ਪੰਜਾਬ ਸਰਕਾਰ ਅਤੇ ਖੇਡ ਵਿਭਾਗ ਵੀ ਇਨ੍ਹਾਂ ਮੇਲਾ ਪ੍ਰਬੰਧਕ ਕਮੇਟੀਆਂ ਨੂੰ ਵਿੱਤੀ ਸਹਾਇਤਾ, ਆਧੁਨਿਕ ਸਹੂਲਤਾਂ ਅਤੇ ਯੋਗ ਪ੍ਰੋਤਸਾਹਨ ਪ੍ਰਦਾਨ ਕਰਨ, ਤਾਂ ਇਹ ਛਿੰਝ ਮੇਲੇ ਹੋਰ ਵੀ ਵਿਸ਼ਾਲ ਪੱਧਰ 'ਤੇ ਆਯੋਜਿਤ ਹੋ ਸਕਦੇ ਹਨ। ਇਸ ਨਾਲ ਨਾ ਸਿਰਫ਼ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਨਵੀਂ ਤਾਕਤ ਮਿਲੇਗੀ, ਸਗੋਂ ਨੌਜਵਾਨ ਪੀੜ੍ਹੀ ਵੀ ਲੋਕ-ਖੇਡਾਂ, ਸਿਹਤਮੰਦ ਜੀਵਨ ਅਤੇ ਪੰਜਾਬੀ ਸੱਭਿਆਚਾਰ ਵੱਲ ਹੋਰ ਵੱਧ ਆਕਰਸ਼ਿਤ ਹੋਵੇਗੀ। ਇਹ ਮੇਲੇ ਸੈਰ-ਸਪਾਟੇ ਨੂੰ ਵੀ ਉਤਸ਼ਾਹਿਤ ਕਰ ਸਕਦੇ ਹਨ ਅਤੇ ਪੰਜਾਬ ਦੀ ਸੱਭਿਆਚਾਰਕ ਪਛਾਣ ਨੂੰ ਦੇਸ਼-ਵਿਦੇਸ਼ ਤੱਕ ਪਹੁੰਚਾਉਣ ਦਾ ਇੱਕ ਪ੍ਰਭਾਵਸ਼ਾਲੀ ਮਾਧਿਅਮ ਬਣ ਸਕਦੇ ਹਨ।ਅੰਤ: ਅੱਜ ਲੋੜ ਇਸ ਗੱਲ ਦੀ ਹੈ ਕਿ ਅਸੀਂ ਛਿੰਝ ਮੇਲਿਆਂ ਨੂੰ ਕੇਵਲ ਇੱਕ ਰਵਾਇਤ ਨਾ ਸਮਝੀਏ, ਸਗੋਂ ਆਪਣੀ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਮੰਨ ਕੇ ਇਨ੍ਹਾਂ ਦੀ ਸੰਭਾਲ ਅਤੇ ਪ੍ਰਫੁੱਲਤਾ ਲਈ ਮਿਲ ਕੇ ਯਤਨ ਕਰੀਏ।






SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਪ੍ਰਧਾਨ ਮੰਤਰੀ ਦੀ ਆਮਦ ਕਾਰਨ ਪੀ.ਜੀ.ਆਈ ਵਿਖੇ ਆਲੇ ਦੁਆਲੇ ਆਇਆ ਬਦਲਾਅ ਜੇ ਬਰਕਰਾਰ ਰਹੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੰਡੀਗੜ੍ਹ 17 ਜੁਲਾਈ 2026 ਦੀ ਫੇਰੀ ਤੋਂ ਇੱਕ ਦਿਨ ਪਹਿਲਾਂ ਮੈਂ ਨਵੀਂ ਓ.ਪੀ.ਡੀ. ਵਿੱਚ ਐਨ.ਐਮ.ਡੀ. ਵਿਭਾਗ 'ਚ ਮੇਰੇ ਕਰ ਰਹੇ ਇਲਾਜ਼ ਨਾਲ ਸਬੰਧਤ ਡਾਕਟਰ ਨੇ ਰੈਫਰ ਕੀਤੀ ਸਲਾਹ ਸਬੰਧਤ ਡਾਕਟਰ ਤੋਂ ਲੈਣੀ ਸੀ ।ਪਹਿਲੀ ਵਾਰ ਮੈਂ ਪੀ.ਜੀ.ਆਈ. ਦਾ ਆਲਾ ਦੁਆਲਾ ਜੰਗੀ ਪੱਧਰ ਤੇ ਸਾਫ ਹੁੰਦਾ ਦੇਖਿਆ ।ਕੁਝ ਨੂੰ ਛੱਡ ਕੇ ਬਹੁਤੇ ਫੜ੍ਹੀਆਂ ਵਾਲੇ ਪ੍ਰਸ਼ਾਂਸ਼ਨ ਨੇ ਉਥੋਂ ਹਟਾਏ ਹੋਏ ਸਨ । ਸੜਕਾਂ ਦੇ ਕਿਨਾਰੇ ਕਾਫੀ ਹੱਦ ਤੱਕ ਸਾਫ ਅਤੇ ਖੁੱਲ੍ਹੈ ਦਿਖਾਈ ਦਿੰਦੇ ਸਨ , ਹੁਣ ਪੈਦਲ ਲੰਘਣਾ ਸੌਖਾ ਸੀ ।ਸੜਕਾਂ ਤੋਂ ਮਿੱਟੀ ਤੱਕ ਚੁੱਕ ਕੇ ਲਿਜਾਈ ਜਾ ਰਹੀ ਸੀ ।ਪਤਾ ਲੱਗਾ ਕਿ ਪ੍ਰਧਾਨ ਮੰਤਰੀ ਨੇ ਇਥੇ ਕਈ ਨਵੇਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਾ ਸੀ ।

ਪ੍ਰਸ਼ਾਸ਼ਨ ਨੂੰ ਇਸੇ ਤਰ੍ਹਾਂ ਰੋਜ਼ਾਨਾ ਆਲੇ ਦੁਆਲੇ ਦੀ ਸਫਾਈ ਅਤੇ ਲੋਕਾਂ ਦੀ ਸਹੂਲਤ ਲਈ ਰਸਤੇ ਖੁੱਲ੍ਹੇ ਰੱਖਣੇ ਚਾਹੀਦੇ ਹਨ । ਫਿਰ ਵੀ ਕਈ ਫਰੂਟ ਵਾਲੇ , ਚਾਹ ਵਾਲੇ , ਸਮੋਸੇ ਵਾਲੇ ਗਿਆਰਾਂ ਦੀ ਮਾਰਕੀਟ ਵਿੱਚ ਉਪਨ 'ਚ ਆਪਣੀ ਦੁਕਾਨਦਾਰੀ ਚਲਾ ਰਹੇ ਸਨ । ਪ੍ਰਸ਼ਾਸ਼ਨ ਦੀ ਉਨ੍ਹਾਂ ਉੱਪਰ ਜਰੂਰ ਸਵੱਲੀ ਨਜ਼ਰ ਹੋਵੇਗੀ ।ਮੈਂ ਸਵੇਰੇ ਅੱਠ ਵਜੇ ਕਰੀਬ ਪਹੁੰਚ ਐਨੀ ਵੱਡੀ ਗਿਣਤੀ ਵਿੱਚ ਮਰੀਜ਼ ਦੇਖ ਹੈਰਾਨ ਹੋਇਆ , ਗੇਟ ਵੜ੍ਹਦੇ ਹੀ ਲੰਘਣ ਲਈ ਕੋਈ ਸਿੱਧਾ ਰਸਤਾ ਨਹੀਂ ਸੀ ਇੱਕ ਦੂਜੇ ਨਾਲ ਖਹਿ ਕੇ ਹੀ ਲੰਘਿਆ ਜਾਂਦਾ ਸੀ । ਇਥੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਵੱਖ-ਵੱਖ ਵਿਭਾਗਾਂ ਵਿੱਚ ਹਜ਼ਾਰਾਂ ਵਿੱਚ ਦਿਖਾਈ ਦੇਂਦੇ ਹਨ ।


ਮੈਂ ਪਿਛਲੇ ਛੇ ਸਾਲਾਂ ਤੋਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ।ਇਥੇ ਭਾਰਤ ਦੇ ਸਾਰੇ ਰਾਜਾਂ ਦੇ ਮਰੀਜ਼ ਇਲਾਜ਼ ਕਰਵਾਉਣ ਆਉਂਦੇ ਹਨ । ਮਰੀਜ਼ਾਂ ਦੀ ਗਿਣਤੀ ਵੱਧਦੀ ਦੇਖ ਪਿਛਲੇ ਸਮੇਂ ਨਵੀਂ ਓ.ਪੀ.ਡੀ. ਮਰੀਜ਼ਾਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਖੋਲ੍ਹੀ ਗਈ । ਇਥੇ ਵੀ ਹਜ਼ਾਰਾਂ ਮਰੀਜ਼ਾਂ ਦੀ ਲੰਬੀਆਂ ਲਾਈਨਾਂ ਵੱਖ-ਵੱਖ ਕਾਊਂਟਰਾਂ ਤੇ ਸਵੇਰੇ ਹੀ ਇਲਾਜ਼ ਲੈਣ ਲਈ ਨਵੇਂ ਕਾਰਡ ਬਣਾਉਣ ਜਾਂ ਐਂਟਰੀ ਕਰਵਾਉਣ ਨੂੰ ਦੇਖਣ ਨੂੰ ਮਿਲਦੀਆਂ ਹਨ ਮੈਨੂੰ ਵੀ ਦੋ ਘੰਟੇ ਕਾਰਡ ਬਣਵਾਉਣ ਲਈ ਲੱਗੇ ।ਇਨ੍ਹਾਂ ਕਾਊਂਟਰਾਂ ਨੂੰ ਵੀ ਵਧਾਉਣ ਦੌ ਲੋੜ ਹੈ ।ਅਗਲੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 4700 ਕਰੌੜ ਤੋਂ ਵੱਧ ਰੁਪਏ ਦੇ ਚੰਡੀਗੜ੍ਹ ਵਿੱਚ ਨਵੇਂ ਪ੍ਰੋਜੈਕਟਾਂ ਲਈ ਉਦਘਾਟਨ ਕੀਤੇ ਹਨ । ਹੋਰ ਵਧੇਰੇ ਵਧੀਆ ਸਿਹਤ ਸੰਭਾਲ ਲਈ ਪੀ.ਜੀ.ਆਈ. ਵਿੱਚ ਅਡਵਾਂਸਿਡ ਮਦਰ ਐਂਡ ਚਾਈਲਡ ਸੈਂਟਰ ਅਤੇ ਅਡਵਾਂਸਿਡ ਨਿਊਰੋਸਾਇੰਸਜ਼ ਸੈਂਟਰ ਦਾ ਉਦਘਾਟਨ ਕੀਤਾ ।

ਉਨ੍ਹਾਂ ਨੇ 150 ਬੈਡ ਸਟੇਟ ਆਫ ਦਾ ਆਰਟ ਕਰਿਟੀਕਲ ਕੇਅਰ ਬਲਾਕ ਦਾ ਨੀਂਹ ਪੱਥਰ ਵੀ ਰੱਖਿਆ ਇਸ ਨਾਲ ਉੱਤਰੀ ਖਿੱਤੇ ਦੇ ਮਰੀਜ਼ਾਂ ਨੂੰ ਰਾਹਤ ਮਿਲੇਗੀ ।ਹੋਰ ਸਹੂਲਤਾਂ ਵੀ ਸਮੇਂ ਦੀ ਲੋੜ ਅਨੁਸਾਰ ਦੇਣੀਆਂ ਬਣਦੀਆਂ ਹਨ ਜਿਵੇਂ ਪਾਰਕਿੰਗ ਦੀ ਘਾਟ ਕਾਰਨ ਮਰੀਜ਼ਾਂ ਨਾਲ ਆਏ ਲੋਕਾਂ ਨੂੰ ਬਾਹਰ ਸੜਕ ਕਿਨਾਰੇ ਆਪਣੇ ਰਿਸਕ ਤੇ ਹੀ ਗੱਡੀ ਖੜ੍ਹਾਉਣੀ ਪੈਂਦੀ ਹੈ ।ਬਾਹਰਲੀ ਮੇਨ ਸੜਕ ਦੇ ਦੋਹੀਂ ਪਾਸੇ ਵਾਹਨਾਂ ਖੜ੍ਹੇ ਹੁੰਦੇ ਹਨ , ਕਈ ਵਾਹਨ ਅੱਧੇ ਸੜਕ ਅਤੇ ਅੱਧੇ ਫੁੱਟ ਪੱਥ ਤੇ ਖੜ੍ਹੇ ਹੁੰਦੇ ਹਨ ।ਇਸ ਨਾਲ ਫੁੱਟ ਪੱਥ ਦੀਆਂ ਟਾਈਲਾਂ ਵੀ ਟੁੱਟੀਆਂ ਜਾਂ ਉੱਖੜੀਆਂ ਹੋਈਆਂ ਹਨ । ਜੇ ਇਸੇ ਤਰ੍ਹਾਂ ਪ੍ਰਸਾਸ਼ਨ ਅਗਿਆ ਦਿੰਦਾ ਹੈ ਤਾਂ ਇਸ ਥਾਂ ਨਿਸਚਿਤ ਪਾਰਕਿੰਗ ਹੀ ਕਿਉਂ ਨਹੀਂ ਬਣਾ ਦਿੱਤੀ ਜਾਂਦੀ , ਜਿਸ ਨਾਲ ਸੁਰੱਖਿਅਤ ਪੱਖੋਂ ਅਤੇ ਬੇਤਰਤੀਬੇ ਖੜ੍ਹੇ ਵਾਹਨਾਂ ਤਰਤੀਬ 'ਚ ਖੜ੍ਹਨ ਦਾ ਵੀ ਪ੍ਰਬੰਧ ਹੋ ਜਾਵੇਗਾ । ਐਮਰਜੈਂਸੀ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਖੜ੍ਹਾ ਦੇਣ ਬਾਦ ਉਥੋਂ ਕੱਢਣੀ ਮੁਸਕਲ ਹੋ ਜਾਂਦੀ ਹੈ । ਪਾਰਕਿੰਗ ਸਟਾਫ ਦਾ ਕੋਈ ਤਰਤੀਬ ਵਿੱਚ ਗੱਡੀਆਂ ਨੂੰ ਖੜ੍ਹਵਾਉਣ ਲਈ ਸਟਾਫ ਮੈਂਬਰ ਗਾਈਡ ਨਹੀਂ ਕਰਦਾ , ਕਈ ਵਾਰੀ ਤਾਂ ਜਗ੍ਹਾ ਨਾ ਮਿਲਣ ਤੇ ਵਾਪਸ ਬਾਹਰ ਆਉਣਾ ਪੈਂਦਾ ਹੈ ।ਜੇਕਰ ਮਰੀਜ਼ ਆਪ ਗੱਡੀ ਲਿਜਾਂਦਾ ਹੈ ਤਾਂ ਉਸ ਨੂੰ ਗੱਡੀ ਖੜ੍ਹਾਉਣ 'ਚ ਵੱਧ ਸਮਾਂ ਲੱਗਣ ਤੇ ਡਾਕਟਰ ਨੂੰ ਮਿਲਣ ਦੀ ਵਾਰੀ ਲੇਟ ਹੋ ਜਾਂਦੀ ਹੈ ।ਇਹ ਸਾਰੀ ਜਗ੍ਹਾਂ ਕੱਚੀ ਹੈ , ਇਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਸੁੱਟਣ ਲਈ ਕੋਈ ਪ੍ਰਬੰਧ ਨਹੀਂ ਸਾਰੀ ਪਾਰਕਿੰਗ ਗੰਦੇ ਫੋਕਟ ਸਮਾਨ ਨਾਲ ਭਰੀ ਹੋਈ ਹੈ , ਮੀਂਹ ਪੈਣ ਤੇ ਅੰਦਰ ਜਾਣਾ ਅਤੇ ਬਾਹਰ ਆਉਣਾ ਬੜ੍ਹਾ ਮੁਸਕਲ ਹੁੰਦਾ ਹੈ ਅਤੇ ਦਰਗੰਧ ਵੀ ਨੱਕ ਨੂੰ ਮਿਲਦੀ ਹੈ ।ਪਾਰਕਿੰਗ ਦੀ ਸਫਾਈ ਵੱਲ ਕੋਈ ਧਿਆਨ ਨਹੀਂ ।ਕਈ ਕਈ ਦਿਨ ਦੀਆਂ ਖੜ੍ਹੀਆਂ ਗੱਡੀਆਂ ਉੱਪਰ ਮਿੱਟੀ ਜੰਮ ਜਾਂਦੀ ਹੈ ਇਸ ਲਈ ਇਹ ਪਾਰਕਿੰਗ ਲਈ ਸੈਂਡ ਦਾ ਪ੍ਰਬੰਧ ਅਤੇ ਕੱਚੀ ਜਗ੍ਹਾ ਨੂੰ ਪੱਕੀ ਕਰਕੇ ਤਰਤੀਬ ਨਾਲ ਗੱਡੀਆਂ ਖੜ੍ਹਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ ।

ਨਵੀਂ ਓ.ਪੀ.ਡੀ. ਨੇੜਲੀ ਬਹੁ-ਮੰਜਲੀ ਪਾਰਕਿੰਗ ਅਜੇ ਅਧੂਰੀ ਹੈ , ਉਸ ਦੀਆਂ ਮੰਜ਼ਲਾਂ ਹੋਰ ਵਧਾਈਆਂ ਜਾ ਸਕਦੀਆਂ ਹਨ ।ਇਥੇ ਪਾਰਕਿੰਗਾਂ ਦੀ ਫੀਸ ਜਰੂਰ 10 ਰੁਪਏ ਹੈ ਜੇ ਡਬਲ ਵੀ ਹੋਵੇ ਤਾਂ ਕੋਈ ਜ਼ਿਆਦਾ ਨਹੀਂ ਜਿਸ ਨਾਲ ਬੇਹਤਰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ ।ਗਿਆਰਾਂ ਸੈਕਟਰ ਦੀ ਮਾਰਕੀਟ ਵਿੱਚ ਵੀ ਦਵਾਈਆਂ ਦੀਆਂ ਦੁਕਾਨਾਂ ਮੂਹਰੇ ਵਾਹਨਾਂ ਦੀ ਭਰਮਾਰ ਹੁੰਦੀ ਹੈ ।ਬਹੁਤ ਸਾਰੇ ਲੋਕ ਇਥੇ ਹੀ ਖਾਲੀ ਜਗ੍ਹਾ ਦੇਖ ਆਪਣਾ ਵਾਹਨ ਖੜ੍ਹਾ ਕਰ ਜਾਂਦੇ ਹਨ ।ਸਾਰਾ ਦਿਨ ਵਾਹਨ ਇਥੇ ਹੀ ਖੜ੍ਹਾ ਰਹਿੰਦਾ ਹੈ ।ਅੰਦਰ ਜਗ੍ਹਾ ਨਾ ਹੋਣ ਕਾਰਨ ਦਵਾਈਆਂ ਲੈਣ ਵਾਲਿਆਂ ਨੂੰ ਸੜਕ ਤੇ ਹੀ ਵਾਹਨ ਖੜ੍ਹਾ ਕੇ ਆਉਣਾ ਪੈਂਦਾ ਹੈ , ਇਸ ਤਰ੍ਹਾਂ ਦਵਾਈਆਂ ਲੈਣ ਦੀ ਵੀ ਸਮੱਸਿਆ ਆਉਂਦੀ ਹੈ ।ਇਹ ਪਾਰਕਿੰਗ ਦੀ ਘਾਟ ਸਦਕਾ ਹੀ ਹੈ ।

ਆਮ ਦਿਨਾਂ ਵਿੱਚ ਇਥੇ ਫਰੂਟ ਵਾਲੇ , ਚਾਹ ਵਾਲੇ , ਹੋਰ ਵਸਤਾਂ ਵੇਚਣ ਵਾਲੇ ਆਮ ਫੁੱਟ ਪੱਥਾਂ ਉੱਪਰ ਖੜ੍ਹੇ ਨਜ਼ਰ ਆਉਂਦੇ , ਖਾਣ ਵਾਲੀਆਂ ਵਸਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਜੋ ਲੋਕ ਆਪਣੇ ਮਰੀਜ਼ਾਂ ਲਈ ਖਰੀਦ ਕੇ ਲੈ ਜਾਂਦੇ ਹਨ ।ਪੀ.ਜੀ.ਆਈ. ਅੰਦਰ ਫਰੂਟ ਅਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ ਵੀ ਨਿਸਚਿਤ ਯੋਗ ਜਗ੍ਹਾ ਤੇ ਹੋਣੀਆਂ ਚਾਹੀਦੀਆਂ ਹਨ ।ਫੁੱਟ-ਪੱਥਾਂ ਦੀਆਂ ਟਾਈਲਾਂ ਵੀ ਉੱਖੜੀਆਂ ਹੋਈਆਂ ਹਨ , ਗਰਿੱਲਾਂ ਟੱਟੀਆਂ ਹੋਈਆਂ ਹਨ , ਰੰਗ ਰੋਗਣ ਦੀ ਘਾਟ ਹੈ । ਮਰੀਜ਼ਾਂ ਵਾਂਗ ਪੀ.ਜੀ.ਆਈ. ਦਾ ਆਲਾ ਦੁਆਲਾ ਵੀ ਮੁਰਝਾਇਆ ਪਿਆ ਹੈ , ਫੁੱਲਾਂ ਵਾਲੇ ਪੌਦੇ ਬਾਹਰਲੀ ਦਿੱਖ ਨੂੰ ਨਿਖਾਰ ਸਕਦੇ ਹਨ ।ਸਿਹਤ ਸਹੂਲਤਾਂ ਦੇ ਨਾਲ ਪੀ.ਜੀ.ਆਈ. ਦਾ ਆਲਾ ਦੁਆਲਾ ਸਾਫ ਸੁੱਥਰਾ ਵੀ ਹੋਣਾ ਚਾਹੀਦਾ ਹੈ ।ਸੋ ਚੰਡੀਗੜ੍ਹ ਦੇ ਮੁੱਖ ਪ੍ਰਸਾਸਕ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਜੋ ਪ੍ਰਧਾਨ ਮੰਤਰੀ ਇੱਕ ਦਿਨ ਦੀ ਫੇਰੀ ਕਾਰਨ ਬਦਲਾਅ ਹੋਇਆ ਉਹ ਹਮੇਸ਼ਾ ਬਰਕਰਾਰ ਹੋਣਾ ਚਾਹੀਦਾ ਹੈ ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO • HOME • TRUCK • BUSINESS • LIFE • MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਥੋੜ੍ਹਾ ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ...!

ਹੱਸਣਾ ਇੱਕ ਯੋਗਿਕ ਕਿਰਿਆ ਹੈ। ਆਮ ਕਰਕੇ ਯੋਗਸ਼ਲਾਵਾਂ ਵਿੱਚ ਉੱਚੀ ਉੱਚੀ ਹੱਸਣ ਦੀ ਕਿਰਿਆ ਕੀਤੀ ਜਾਂਦੀ ਹੈ ਕਿਉਂਕਿ ਹੱਸਣ ਕਾਰਨ ਫੇਫੜਿਆਂ ਦਾ ਸੰਕੁਚਨ ਅਤੇ ਵਿਸਤਾਰ ਆਮ ਨਾਲੋਂ ਤੇਜ਼ ਅਤੇ ਜ਼ਿਆਦਾ ਹੁੰਦਾ ਹੈ। ਇਸ ਨਾਲ ਸਾਨੂੰ ਜ਼ਿਆਦਾ ਆਕਸੀਜਨ ਮਿਲਦੀ ਹੈ ਅਤੇ ਮੈਟਾਬੋਲਿਜ਼ਮ 'ਚ ਸੁਧਾਰ ਹੁੰਦਾ ਹੈ। ਸਰੀਰ ਵਿੱਚ ਜ਼ਿਆਦਾਤਰ ਬਿਮਾਰੀਆਂ ਮੈਟਾਬੋਲਿਜ਼ਮ ਦੀ ਗੜਬੜੀ ਕਾਰਨ ਹੁੰਦੀਆਂ ਹਨ।ਇਕੱਤਰਤ ਜਾਣਕਾਰੀ ਅਨੁਸਾਰ ਰੋਜ਼ਾਨਾ ਦਸ ਤੋਂ ਪੰਦਰਾਂ ਮਿੰਟ ਹੱਸਣ ਨਾਲ ਲਗਭਗ ਚਾਲ਼ੀ ਕੈਲੋਰੀ ਬਰਨ ਹੁੰਦੀ ਹੈ।ਪਰ ਅੱਜ ਕੱਲ੍ਹ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਲਗਭਗ 65 ਤੋਂ 70 ਫ਼ੀਸਦੀ ਤੱਕ ਲੋਕਾਂ ਦੇ ਕੋਲ ਹੱਸਣ ਤੱਕ ਦਾ ਸਮਾਂ ਨਹੀਂ ਹੈ। ਸ਼ਾਇਦ ਇਸੇ ਲਈ ਹੀ ਅੱਜ ਦੇ ਮਨੁੱਖ ਨੂੰ ਸ਼ੂਗਰ, ਦਿਲ ਦਾ ਦੌਰਾ, ਬਲੱਡ ਪ੍ਰੈਸ਼ਰ ਤੇ ਹੋਰ ਕਈ ਬਿਮਾਰੀਆਂ ਨੇ ਘੇਰਾ ਪਾਇਆ ਹੋਇਆ ਹੈ। ਡਾਕਟਰਾਂ ਦਾ ਮੰਨਣਾ ਹੈ ਕਿ ਜੇਕਰ ਹਰ ਦਿਨ ਸਵੇਰੇ ਸਵੇਰੇ ਖੁੱਲ੍ਹ ਕੇ ਹੱਸਿਆ ਜਾਵੇ ਤਾਂ ਦਿਮਾਗ ਨੂੰ ਸਕੂਨ ਮਿਲਦਾ ਹੈ ਅਤੇ ਬਿਮਾਰੀਆਂ ਨੇੜੇ ਨਹੀਂ ਆਉਂਦੀਆਂ। ਜੇ ਆਪਾਂ ਵਿਸ਼ਵ ਹਾਸ ਦਿਵਸ ਦੀ ਗੱਲ ਕਰੀਏ ਤਾਂ ਇਹ ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਉਂਝ ਵਿਸ਼ਵ ਹਾਸ ਦਿਵਸ ਦੀ ਸ਼ੁਰੂਆਤ 11 ਜਨਵਰੀ 1998 ਨੂੰ ਮੁੰਬਈ ਤੋਂ ਹੋਈ ਸੀ ਤੇ ਇਸ ਵਿੱਚ ਅਹਿਮ ਯੋਗਦਾਨ ਡਾ. ਮਦਨ ਕਟਾਰੀਆ ਦਾ ਸੀ ਜਿਹਨਾਂ ਨੇ ਲਾਫ਼ਟਰ ਯੋਗਾ ਮੂਵਮੈਂਟ ਸ਼ੁਰੂ ਕੀਤੀ। ਦੁਨੀਆ ਵਿੱਚ ਲਗਭਗ ਅੱਠ ਹਜ਼ਾਰ ਲਾਫਟਰ ਕਲੱਬ ਹਨ ਅਤੇ ਭਾਰਤ ਵਿੱਚ ਉਨ੍ਹਾਂ ਦੀ ਗਿਣਤੀ 600 ਹੈ।

ਡਾਕਟਰ ਖੋਜਕਾਰਾਂ ਅਨੁਸਾਰ ਹੱਸਣ ਨਾਲ ਮਨੁੱਖ ਦਾ ਇਮਊਨਿਟੀ ਸਿਸਟਮ ਤੇਜ਼ ਹੁੰਦਾ ਹੈ ਝਜਿਸ ਨਾਲ ਕੁਦਰਤੀ ਕਿਲਰ ਸੈੱਲਾਂ ਵਿੱਚ ਵਾਧਾ ਹੁੰਦਾ ਹੈ, ਜੋ ਵਿਰਾਸਤ ਵਿੱਚ ਮਿਲੇ ਰੋਗਾਂ ਅਤੇ ਟਿਊਮਰਸ ਸੈੱਲ ਨੂੰ ਖਤਮ ਕਰਦੇ ਹਨ। ਹਾਸਾ ਦਿਲ ਦੀ ਸਰਵਉੱਤਮ ਕਸਰਤ ਹੈ ਜਿਸ ਨਾਲ ਟੀ ਸੈੱਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਹੈ।ਹਾਸਾ ਨਾ ਸਿਰਫ਼ ਉਨ੍ਹਾਂ ਸੈੱਲਾਂ ਨੂੰ ਵਧਾਉਂਦਾ ਹੈ ਜੋ ਸਮਰੱਥਾ ਵਧਾਉਂਦੇ ਹਨ, ਸਗੋਂ ਟੀ ਸੈੱਲਾਂ ਦੀ ਗਤੀਵਿਧੀ ਨੂੰ ਵੀ ਵਧਾਉਂਦੇ ਹਨ ਜੋ ਬਿਮਾਰੀਆਂ ਨਾਲ ਲੜਨ ਵਿੱਚ ਮਦਦ ਕਰਦੇ ਹਨ। ਹੱਸਣ ਨਾਲ ਖ਼ੂਨ ਦਾ ਪ੍ਰਵਾਹ ਵਧਦਾ ਹੈ ਅਤੇ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ। ਹੱਸਣ ਨਾਲ ਸਾਹ ਨਲੀ ਵਿੱਚ ਹੋਣ ਵਾਲੇ ਇੰਫੈਕਸ਼ਨ ਤੋਂ ਬਚਾਅ ਹੁੰਦਾ ਹੈ। ਹੱਸਣ ਨਾਲ ਤਣਾਓ ਨੂੰ ਜਨਮ ਦੇਣ ਵਾਲੇ ਹਾਰਮੋਨਜ਼ ਦਾ ਪੱਧਰ ਘਟਦਾ ਹੈ। ਪਾਚਨ ਤੰਤਰ ਸਹੀ ਰੱਖਣ, ਵਜ਼ਨ ਘਟਾਉਣ ਅਤੇ ਚਰਬੀ ਘੱਟ ਕਰਨ ਵਿੱਚ ਵੀ ਹਾਸਾ ਅਹਿਮ ਭੂਮਿਕਾ ਨਿਭਾਉਂਦਾ ਹੈ। ਜ਼ੋਰ ਜ਼ੋਰ ਦੀ ਹੱਸਣ ਨਾਲ ਮਨੁੱਖ ਦੇ ਸਰੀਰ ਵਿੱਚ ਇੱਕ ਤਰੰਗ ਜਿਹੀ ਦੌੜ ਜਾਂਦੀ ਹੈ ਜਿਸ ਵਿੱਚ ਇੰਡਰੋਫਿਨ ਹਾਰਮੋਨ ਵੀ ਹੁੰਦਾ ਹੈ ਜੋ ਕੁਦਰਤੀ ਰੂਪ ਨਾਲ ਸਾਡੇ ਸਰੀਰ ਦਾ ਦਰਦ ਨਿਵਾਰਕ ਹੈ।ਸਾਰਾ ਦਿਨ ਮੱਥੇ ਉੱਤੇ ਸ਼ਿਕਨ, ਦਿਮਾਗ ਵਿੱਚ ਸਕੀਮਾਂ ਅਤੇ ਦਿਲ ਵਿੱਚ ਅੱਗੇ ਨਿਕਲਣ ਦੀ ਹੋੜ ਨਾਲ ਜੂਝਦੇ ਵਿਅਕਤੀ ਜਦੋਂ ਸ਼ਾਮ ਨੂੰ ਘਰ ਜਾਂਦੇ ਹਨ ਤਾਂ ਉਦੋਂ ਬੀਵੀ, ਬੱਚਿਆਂ ਨਾਲ ਸਮਾਂ ਬਿਤਾਉਣਾ ਤਾਂ ਇੱਕ ਪਾਸੇ, ਸਗੋਂ ਉਨ੍ਹਾਂ ਨੂੰ ਕਹਿ ਦਿੰਦੇ ਹਨ ਕਿ ਅੱਜ ਮੈਂ ਬਹੁਤ ਥੱਕ ਗਿਆ ਹਾਂ, ਮੈਂ ਪਰੇਸ਼ਾਨ ਹਾਂ, ਮੈਨੂੰ ਇਕੱਲਾ ਛੱਡ ਦਿਓ। ਉਹ ਇਹ ਭੁੱਲ ਜਾਂਦੇ ਹਨ ਕਿ ਵੱਡੀ ਤੋਂ ਵੱਡੀ ਥਕਾਨ ਤੇ ਪਰੇਸ਼ਾਨੀ ਪਰਿਵਾਰ ਨਾਲ ਹੱਸ-ਖੇਡ ਕੇ ਪਲਾਂ ਵਿੱਚ ਛੂ-ਮੰਤਰ ਹੋ ਜਾਂਦੀ ਹੈ। ਕਹਿੰਦੇ ਹਨ ਕਿ ਦੁੱਖ ਵੰਡਣ ਨਾਲ ਘਟਦਾ ਹੈ ਤੇ ਹਾਸੇ ਵੰਡਣ ਨਾਲ ਦੁੱਗਣੇ ਹੁੰਦੇ ਹਨ। ਡਾਕਟਰਾਂ ਅਨੁਸਾਰ ਹਾਸਾ ਵੱਖ-ਵੱਖ ਰੋਗਾਂ ਦੀ ਦਵਾਈ ਹੈ। ਇਹ ਇੱਕ ਇਸ ਤਰ੍ਹਾਂ ਦੀ ਦਵਾਈ ਹੈ ਜਿਸ ਦਾ ਸਾਡੇ ਸਰੀਰ ਉੱਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ।ਹਾਸਾ ਸਿਹਤ ਲਈ ਫਾਇਦੇਮੰਦ ਹੈ। ਹਾਸਾ ਡਿਪਰੈਸ਼ਨ ਲਈ ਟੌਨਿਕ ਦਾ ਕੰਮ ਕਰਦਾ ਹੈ। ਹਾਸਾ ਸਰੀਰ ਵਿੱਚ ਮੈਲਾਟੋਨਿਨ ਹਾਰਮੋਨ ਪੈਦਾ ਕਰਦਾ ਹੈ। ਇਹ ਰਾਤ ਨੂੰ ਆਰਾਮਦਾਇਕ ਨੀਂਦ ਲੈਣ ਵਿਚ ਮਦਦ ਕਰਦਾ ਹੈ।ਦਰਦ ਤੋਂ ਰਾਹਤ- ਹੱਸਣ ਨਾਲ ਐਂਡੋਰਫਿਨ ਨਾਂ ਦਾ ਹਾਰਮੋਨ ਨਿਕਲਦਾ ਹੈ। ਇਹ ਸਰੀਰ ਤੋਂ ਤਣਾਅ ਨੂੰ ਦੂਰ ਕਰਨ ਵਿੱਚ ਕਾਫੀ ਹੱਦ ਤੱਕ ਮਦਦ ਕਰਦਾ ਹੈ। ਤਣਾਅ ਮੁਕਤ ਰਹਿਣ ਲਈ ਹਾਸੇ ਤੋਂ ਵੱਡੀ ਕੋਈ ਦਵਾਈ ਨਹੀਂ ਹੈ।ਜੋ ਲੋਕ ਹੱਸਦੇ ਹਨ, ਉਹੀ ਖੁਸ਼ ਹੁੰਦੇ ਹਨ,ਉਹ ਸਮਾਜ ਵਿੱਚ ਖੁੱਲ੍ਹ ਕੇ ਵਿਚਰਦੇ ਹਨ। ਮੈਨੂੰ ਗਾਇਕ ਗੁਰਦਾਸ ਮਾਨ ਸਾਹਿਬ ਦੇ ਗੀਤ ਦੇ ਬੋਲ ਯਾਦ ਆਉਂਦੇ ਹਨ," ਥੋੜ੍ਹਾ ਥੋੜ੍ਹਾ ਹੱਸਣਾ ਜ਼ਰੂਰ ਚਾਹੀਦਾ...।"

**Now Open New Banquet Hall in Sacramento**

*For more info: Contact Paul : (916)334-6000*






WE HAVE THE CHEAPEST FARES TO INDIA

# LEGEND TRAVEL




CST # 207524-40

Special Fares To India From West-coast (us) On Air India Direct Flights




JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਤਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਂਇਸ!



# ਇਨਵੌਂਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਂਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE

**ਇਨਵੌਂਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਂਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਦ ਵੱਧ.

**ਗਲਤੀ ਘੱਟ**
ਆਟੋਮੈਟਿਕ ਫ਼ਿਲ ਤੇ ਸਹੀ ਇਨਵੌਂਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਂਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਫਰਿਆਦ

ਸੁਣ ਮੇਰੀ ਫਰਿਆਦ ਵੇ ਸੱਜਣਾ।
ਕਰਿਆ ਨਾ ਕਰ ਯਾਦ ਵੇ ਸੱਜਣਾ।
ਕੱਲੇ ਰਹਿਣਾ ਸਿੱਖ ਲਿਆ ਮੈਂ,
ਲੋੜਾਂ ਨਾ ਇਮਦਾਦ ਵੇ ਸੱਜਣਾ।
ਫਿੱਕੀ-ਫਿੱਕੀ ਜਿੰਦਗੀ ਲੱਗੇ,
ਮੁੱਕ ਗਏ ਸਭ ਸੁਆਦ ਵੇ ਸੱਜਣਾ।
ਕੀਮਤ ਮੇਰੀ ਤੂੰ ਜਾਣੇਂਗਾ,
ਮੇਰੇ ਜਾਣੇ ਬਾਅਦ ਵੇ ਸੱਜਣਾ।
ਮੇਰੇ ਕੰਨਾਂ ਦੇ ਵਿੱਚ ਗੂੰਜੇ,
ਹੁਣ ਕੁਦਰਤ ਦਾ ਨਾਦ ਵੇ ਸੱਜਣਾ।
ਰੂਹ ਦੇ ਬਿਨ ਵੀ ਜੀਵਤ ਹਾਂ ਮੈਂ,
ਦੇਣੀ ਬਣਦੀ ਦਾਦ ਵੇ ਸੱਜਣਾ।
ਮੇਰੇ ਤੋਂ ਹੁਣ ਹੋ ਨਹੀਂ ਸਕਣੀ,
ਦੁੱਖਾਂ ਦੀ ਤਾਦਾਦ ਵੇ ਸੱਜਣਾ।
ਮੇਰਾ ਜੀਵਨ 'ਨਾਗਰੇ' ਵਾਂਗੂੰ,
ਸਦਾ ਹੀ ਸਾਦ-ਮੁਰਾਦ ਵੇ ਸੱਜਣਾ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



## ਹਾਸ ਵਿਅੰਗ

# ਪ੍ਰੋਫੈਸਰ ਗੁਰਦੀਪ ਦਾ ਨਸ਼ਾ-ਦਰਸ਼ਨ

## ਮਨੁੱਖੀ ਮਨ ਦੀ ਖੁਰਾਕ ਜਾਂ ਮਨੁੱਖੀ ਕਮਜ਼ੋਰੀ ਦਾ ਬਹਾਨਾ



ਸਾਡੇ ਸਕੂਲ ਵਿੱਚ ਇੱਕ ਅਜਿਹੇ ਅਧਿਆਪਕ ਹਨ ਜਿਨ੍ਹਾਂ ਨੂੰ ਅਸੀਂ ਪਿਆਰ, ਸਤਿਕਾਰ ਅਤੇ ਥੋੜ੍ਹੇ ਜਿਹੇ ਡਰ ਨਾਲ "ਪ੍ਰੋਫੈਸਰ ਗੁਰਦੀਪ" ਕਹਿੰਦੇ ਹਾਂ। ਉਹ ਸਿਰਫ਼ ਅਧਿਆਪਕ ਹੀ ਨਹੀਂ, ਸਗੋਂ ਨਸ਼ਾ-ਵਿਗਿਆਨ ਦੇ ਚਲਦੇ-ਫਿਰਦੇ ਵਿਸ਼ਵਕੋਸ਼ ਵੀ ਹਨ। ਦੁਨੀਆ ਦੇ ਨਸ਼ਿਆਂ ਬਾਰੇ ਉਹਨਾਂ ਦਾ ਗਿਆਨ ਇੰਨਾ ਵਿਸ਼ਾਲ ਹੈ ਕਿ ਕਈ ਵਾਰ ਲੱਗਦਾ ਹੈ ਜਿਵੇਂ ਸਰਕਾਰ ਨੂੰ ਨਸ਼ਾ-ਵਿਰੋਧੀ ਮੁਹਿੰਮਾਂ ਦੀ ਬਜਾਏ ਉਹਨਾਂ ਨੂੰ ਹੀ ਸਿਲੇਬਸ ਵਿੱਚ ਸ਼ਾਮਲ ਕਰ ਲੈਣਾ ਚਾਹੀਦਾ ਹੈ। ਕਹਿੰਦੇ ਹਨ, "ਜਿਸ ਤਨ ਲੱਗੇ ਸੋ ਤਨ ਜਾਣੇ।" ਪਰ ਪ੍ਰੋਫੈਸਰ ਸਾਹਿਬ ਦੇ ਮਾਮਲੇ ਵਿੱਚ ਇਹ ਅਖਾਣ ਕੁਝ ਇਉਂ ਬਣ ਜਾਂਦੀ ਹੈ ਉਹ ਕਿਹੜਾ ਨਸ਼ਾ ਜੋ ਗੁਰਦੀਪ ਨਾ ਜਾਣੇ।"

ਜਦੋਂ ਵੀ ਕੋਈ ਉਹਨਾਂ ਨੂੰ ਨਸ਼ਿਆਂ ਦੇ ਨੁਕਸਾਨ ਗਿਣਾਉਣ ਦੀ ਕੋਸ਼ਿਸ਼ ਕਰਦਾ ਹੈ, ਉਹ ਇੱਕ ਰਹੱਸਮਈ ਮੁਸਕਾਨ ਬਿਖੇਰਦੇ ਹਨ, ਆਪਣੇ ਵੱਡੇ ਢਿੱਡ ਤੋਂ ਸ਼ਰਟ ਠੀਕ ਕਰਦੇ ਹੋਏ ਫ਼ਲਸਫ਼ੇ ਦਾ ਪਿਟਾਰਾ ਖੋਲ੍ਹ ਦਿੰਦੇ ਹਨ।

"ਭਾਈ ਸਾਹਿਬ," ਉਹ ਕਹਿੰਦੇ ਹਨ, "ਨਸ਼ਾ ਕੋਈ ਮਾੜੀ ਚੀਜ਼ ਨਹੀਂ। ਨਸ਼ਾ ਤਾਂ ਮਨੁੱਖੀ ਮਨ ਦੀ ਖੁਰਾਕ ਹੈ। ਨਸ਼ਾ, ਨਸ਼ਾ ਨਹੀਂ, ਇੱਕ ਦਵਾਈ ਹੈ।"

ਫਿਰ ਅਫ਼ੀਮ ਦਾ ਜ਼ਿਕਰ ਆਉਂਦਾ ਹੈ। ਉਹ ਇਤਿਹਾਸ ਦੇ ਪੰਨੇ ਫਰੋਲਦੇ ਹੋਏ ਦੱਸਦੇ ਹਨ ਕਿ ਰਾਜੇ-ਮਹਾਰਾਜੇ ਅਫ਼ੀਮ ਖਾਂਦੇ ਸਨ। ਜੰਗਾਂ ਲੜੀਆਂ ਗਈਆਂ, ਰਾਜ ਚਲਾਏ ਗਏ ਅਤੇ ਫ਼ੈਸਲੇ ਕੀਤੇ ਗਏ। ਸੁਣਨ ਵਾਲਾ ਇੱਕ ਪਲ ਲਈ ਸੋਚਣ ਲੱਗ ਪੈਂਦਾ ਹੈ ਕਿ ਕਿਤੇ ਪੰਜਾਬ ਦਾ ਇਤਿਹਾਸ ਵੀ ਅਫ਼ੀਮ ਦੀ ਗੋਲੀ ਉੱਤੇ ਤਾਂ ਨਹੀਂ ਲਿਖਿਆ ਗਿਆ!

ਪ੍ਰੋਫੈਸਰ ਸਾਹਿਬ ਦੀਆਂ ਦਲੀਲਾਂ ਸੁਣ ਕੇ ਕਈ ਵਾਰ ਲੱਗਦਾ ਹੈ ਕਿ ਜੇ ਉਹ ਕਿਸੇ ਅਦਾਲਤ ਵਿੱਚ ਵਕੀਲ ਹੁੰਦੇ ਤਾਂ ਨਸ਼ਿਆਂ ਨੂੰ ਵੀ ਬੇਕਸੂਰ ਸਾਬਤ ਕਰ ਦਿੰਦੇ। ਉਹਨਾਂ ਦੇ ਤਰਕਾਂ ਅੱਗੇ ਤਾਂ ਕਈ ਵਾਰ ਸਿਆਣੇ ਬੰਦੇ ਵੀ ਉਸ ਦੀ ਤਰਕ ਅਤੇ ਦਲੀਲਾਂ ਵਾਲੀ ਬਿਰਤੀ ਅੱਗੇ ਗੋਡੇ ਟੇਕਦੇ ਹੋਏ ਨਜ਼ਰ ਆਓ ਆਉਂਦੇ ਹਨ।

ਉਹ ਕਹਿੰਦੇ ਹਨ ਕਿ ਮਨੁੱਖ ਹਮੇਸ਼ਾ ਕਿਸੇ ਨਾ ਕਿਸੇ ਨਸ਼ੇ ਵਿੱਚ ਰਹਿੰਦਾ ਹੈ। ਕੋਈ ਪੈਸੇ ਦੇ ਨਸ਼ੇ ਵਿੱਚ, ਕੋਈ ਕੁਰਸੀ ਦੇ ਨਸ਼ੇ ਵਿੱਚ, ਕੋਈ ਸ਼ੋਹਰਤ ਦੇ ਨਸ਼ੇ ਵਿੱਚ ਅਤੇ ਕੋਈ ਮੋਹ-ਮਾਇਆ ਦੇ ਨਸ਼ੇ ਵਿੱਚ। ਫਿਰ ਜੇ ਕੋਈ ਅਫ਼ੀਮ ਜਾਂ ਸ਼ਰਾਬ ਦਾ ਸਹਾਰਾ ਲੈ ਲਵੇ ਤਾਂ ਉਸ ਨੂੰ ਹੀ ਕਿਉਂ ਬਦਨਾਮ ਕੀਤਾ ਜਾਂਦਾ ਹੈ?

ਗੱਲ ਵਿੱਚ ਵਜ਼ਨ ਵੀ ਹੈ। ਆਖਿਰ ਅੱਜ ਦਾ ਮਨੁੱਖ ਵੀ ਤਾਂ ਕਿਸੇ ਨਾ ਕਿਸੇ ਨਸ਼ੇ ਦਾ ਸ਼ਿਕਾਰ ਹੈ। ਕੋਈ ਮੋਬਾਈਲ ਤੋਂ ਬਿਨਾਂ ਨਹੀਂ ਰਹਿ ਸਕਦਾ, ਕੋਈ ਸੋਸ਼ਲ ਮੀਡੀਆ ਦੇ ਲਾਈਕਾਂ ਲਈ ਬੇਚੈਨ ਹੈ ਅਤੇ ਕੋਈ ਆਪਣੀ ਤਾਰੀਫ਼ ਸੁਣਨ ਦੇ ਨਸ਼ੇ ਵਿੱਚ ਦਿਨ ਕੱਟਦਾ ਹੈ। ਫ਼ਰਕ ਸਿਰਫ਼ ਇੰਨਾ ਹੈ ਕਿ ਕੁਝ ਨਸ਼ੇ ਬੋਤਲਾਂ ਵਿੱਚ ਵਿਕਦੇ ਹਨ ਅਤੇ ਕੁਝ ਦਿਮਾਗਾਂ ਵਿੱਚ ਵੱਸਦੇ ਹਨ।

ਪਰ ਇੱਥੇ ਇੱਕ ਸਵਾਲ ਖੜ੍ਹਾ ਹੋ ਜਾਂਦਾ ਹੈ। ਜੇ ਨਸ਼ਾ ਸੱਚਮੁੱਚ ਮਨ ਦੀ ਖੁਰਾਕ ਹੈ ਤਾਂ ਫਿਰ ਨਸ਼ੇੜੀ ਦਾ ਮਨ ਕਦੇ ਰੱਜਦਾ ਕਿਉਂ ਨਹੀਂ? ਜੇ ਇਹ ਦਵਾਈ ਹੈ ਤਾਂ ਫਿਰ ਇਸ ਦੀ ਖੁਰਾਕ ਵਾਰ-ਵਾਰ ਵਧਾਉਣ ਦੀ ਲੋੜ ਕਿਉਂ ਪੈਂਦੀ ਹੈ? ਜੇ ਇਹ ਸੁੱਖ ਦਿੰਦਾ ਹੈ ਤਾਂ ਫਿਰ ਇਸ ਦੇ ਪਿੱਛੇ ਭੱਜਣ ਵਾਲੇ ਲੋਕ ਅਕਸਰ ਦੁੱਖਾਂ ਤੋਂ ਭੱਜਦੇ ਕਿਉਂ ਨਜ਼ਰ ਆਉਂਦੇ ਹਨ?

ਸੱਚ ਤਾਂ ਇਹ ਹੈ ਕਿ ਨਸ਼ਾ ਉਸ ਪਿਆਸੇ ਮਨੁੱਖ ਵਰਗਾ ਹੈ ਜੋ ਖਾਰੇ ਪਾਣੀ ਨਾਲ ਪਿਆਸ ਬੁਝਾਉਣ ਦੀ ਕੋਸ਼ਿਸ਼ ਕਰਦਾ ਹੈ। ਕੁਝ ਪਲਾਂ ਲਈ ਰਾਹਤ ਮਿਲਦੀ ਹੈ, ਪਰ ਪਿਆਸ ਹੋਰ ਵੱਧ ਜਾਂਦੀ ਹੈ।

ਪ੍ਰੋਫੈਸਰ ਗੁਰਦੀਪ ਦੀਆਂ ਗੱਲਾਂ ਸੁਣਦਿਆਂ ਮੈਨੂੰ ਅਕਸਰ ਪੰਜਾਬੀ ਦਾ ਇੱਕ ਮੁਹਾਵਰਾ ਯਾਦ ਆਉਂਦਾ ਹੈ "ਮਨ ਨਾ ਰੰਗਾਏ, ਰੰਗਾਏ ਜੋਗੀ ਕੱਪੜੇ।" ਮਨੁੱਖ ਬਾਹਰਲੀਆਂ ਚੀਜ਼ਾਂ ਨਾਲ ਆਪਣਾ ਮਨ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਅਸਲ ਸੁੱਖ ਅੰਦਰਲੀ ਸ਼ਾਂਤੀ ਵਿੱਚ ਵੱਸਦਾ ਹੈ। ਹਾਲਾਂਕਿ ਪ੍ਰੋਫੈਸਰ ਸਾਹਿਬ ਦਾ ਇੱਕ ਗੁਣ ਮੰਨਣਾ ਪਵੇਗਾ। ਉਹ ਨਸ਼ੇ ਨੂੰ ਸਿਰਫ਼ ਵਰਤਦੇ ਹੀ ਨਹੀਂ, ਉਸ ਦਾ ਦਰਸ਼ਨ ਵੀ ਰਚਦੇ ਹਨ। ਸ਼ਾਇਦ ਇਸੇ ਕਰਕੇ ਉਹਨਾਂ ਦੀਆਂ ਗੱਲਾਂ ਸੁਣਨ ਵਾਲਾ ਹੱਸਦਾ ਵੀ ਹੈ ਅਤੇ ਸੋਚਦਾ ਵੀ ਹੈ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਦਾ ਸਭ ਤੋਂ ਵੱਡਾ ਨਸ਼ਾ ਨਾ ਅਫ਼ੀਮ ਹੈ, ਨਾ ਸ਼ਰਾਬ ਅਤੇ ਨਾ ਹੀ ਕੋਈ ਹੋਰ ਪਦਾਰਥ। ਸਭ ਤੋਂ ਵੱਡਾ ਨਸ਼ਾ ਤਾਂ ਆਪਣੇ ਆਪ ਨੂੰ ਸਹੀ ਸਾਬਤ ਕਰਨ ਦਾ ਹੈ। ਅਤੇ ਇਸ ਨਸ਼ੇ ਵਿੱਚ ਤਾਂ ਪ੍ਰੋਫੈਸਰ ਗੁਰਦੀਪ ਸਾਹਿਬ ਵੀ ਕਈ ਵਾਰ ਪੂਰੀ ਤਰ੍ਹਾਂ ਤਰ-ਬਤਰ ਨਜ਼ਰ ਆਉਂਦੇ ਹਨ।

SANJHI SOCH
ਮਾਸਟਰ ਬਲਕਰਨ ਸਿੰਘ
ਸ.ਮਿ.ਸ. ਰਣਜੀਤਗੜ੍ਹ ਬਾਂਦਰਾਂ (ਮਾਨਸਾ)
balkarn.sidhu4@gmail.com



LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

## ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



**Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ**

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




**e-Baba Entertainment App ਨੂੰ Download ਕਰੋ।**

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205

SANJHI SOCH TV & DAILY NEWSPAPER



TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260